# ਫਿਰ ਯਿਸੂ ਆਇਆ ਅਤੇ ਬੁਲਾਇਆ

ਸੰਤ ਯੂਹੰਨਾ, 11ਵਾਂ ਅਧਿਆਏ, 18ਵੀ ਆਇਤ ਤੋਂ ਸ਼ੁਰੂ ਕਰਕੇ, ਮੈਂ ਪੜ੍ਹਨਾ ਚਾਹੁੰਦਾ ਹਾਂ ।

*ਬੈਤਅਨਿਯਾ ਯਰੂਸ਼ਲਮ ਦੇ ਨੇੜੇ ਕੋਹਕੁ ਵਾਟ ਸੀ:*

*ਅਤੇ ਬਹੁਤ ਸਾਰੇ ਯਹੂਦੀ ਮਾਰਥਾ ਅਤੇ ਮਰਿਯਮ ਦੇ ਕੋਲ ਆਏ ਹੋਏ ਸਨ ਜੋ ਉਨ੍ਹਾਂ ਦੇ ਭਰਾ ਦੇ ਵਿਖੇ ਉਨ੍ਹਾਂ ਦਾ ਮਨ ਧਰਾਵਾ ਕਰਨ ।*

*ਉਪਰੰਤ ਮਾਰਥਾ ਨੇ ਜਾਂ ਸੁਣਿਆ ਕਿ ਯਿਸੂ ਆਉਂਦਾ ਹੈ ਤਾਂ ਉਸ ਨੂੰ ਮਿਲਣ ਗਈ ਪਰ ਮਰਿਯਮ ਘਰ ਵਿੱਚ ਬੈਠੀ ਰਹੀ ।*

*ਤਦ ਮਾਰਥਾ ਨੇ ਯਿਸੂ ਨੂੰ ਆਖਿਆ, ਪ੍ਰਭੁ ਜੀ ਜੇ ਤੂੰ ਐਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ ।*

*ਪਰ ਮੈਂ ਹੁਣ ਵੀ ਜਾਣਦੀ ਹਾਂ ਕਿ ਜੋ ਕੁਝ ਤੂੰ...ਪਰਮੇਸ਼ੁਰ ਤੋਂ ਮੰਗੇਗਾ, ਸੋ ਪਰਮੇਸ਼ੁਰ ਤੈਨੂੰ ਦੇਊ ।*

*ਯਿਸੂ ਨੇ ਉਹ ਨੂੰ ਆਖਿਆ, ਤੇਰਾ ਭਰਾ ਜੀ ਉੱਠੇਗਾ ।*

*ਮਾਰਥਾ ਨੇ ਉਸ ਨੂੰ ਆਖਿਆ, ਮੈਂ ਜਾਣਦੀ ਹਾਂ ਜੋ ਕਿਆਮਤ ਨੂੰ ਅੰਤ ਦੇ ਦਿਨ ਉਹ ਜੀ ਉੱਠੂ ।*

*ਯਿਸੂ ਨੇ ਉਸ ਨੂੰ ਕਿਹਾ, ਕਿਆਮਤ ਅਤੇ...ਜਿਉਣ ਮੈਂ ਹਾਂ । ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਏ ਤਾਂ ਵੀ ਜੀਵੇਗਾ ।*

*ਅਤੇ ਹਰ ਕੋਈ ਜਿਹੜਾ ਜਿਉਂਦਾ ਅਰ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕ ਕਦੇ ਨਾ ਮਰੇਗਾ । ਕੀ ਤੂੰ ਇਸ ਗਲ ਦੀ ਪਰਤੀਤ ਕਰਦੀ ਹੈਂ?*

*ਉਨ ਉਸ ਨੂੰ ਆਖਿਆ, ਹਾਂ, ਪ੍ਰਭੁ ਮੈਂ ਪਰਤੀਤ ਕੀਤੀ ਹੈ ਜੋ ਤੂੰ ਹੀ ਮਸੀਹ ਹੈਂ ਪਰਮੇਸ਼ੁਰ ਦਾ ਪੁੱਤਰ ਜਿਹੜਾ ਜਗਤ ਵਿੱਚ ਆਉਣ ਵਾਲਾ ਸੀ ।* (ਅਤੇ ਇਹ ਵੇਖੋ!)

*ਤਦ ਇਹ ਕਹਿ ਕੇ ਉਹ ਚੱਲੀ ਗਈ ਅਤੇ ਆਪਣੀ ਭੈਣ ਮਰਿਯਮ ਨੂੰ ਚੁੱਪ ਕੀਤੀ ਸੱਦ ਕੇ ਬੋਲੀ, ਗੁਰੂ ਆਇਆ ਹੋਇਆ ਹੈ ਅਤੇ ਤੈਨੂੰ ਸੱਦਦਾ ਹੈ ।*

2 ਆਓ ਅਸੀਂ ਪ੍ਰਾਰਥਨਾ ਕਰੀਏ । ਸਵਰਗੀ ਪਿੱਤਾ, ਅੱਜ ਰਾਤ ਉਨ੍ਹਾਂ ਵਚਨਾਂ ਨੂੰ ਸਾਡੇ ਦਿਲਾਂ ਅੰਦਰ ਪੱਕਾ ਕਰ, ਜਿਵੇਂ ਹੁਣ ਅਸੀਂ ਤੇਰੇ ਲਈ ਉਡੀਕ ਰਹੇ ਹਾਂ । ਤੇਰੇ ਵਚਨ, ਤੇਰੇ ਦਾਸ ਅਤੇ ਵਿਸ਼ਾ, ਇਨ੍ਹਾਂ ਸਭ ਨੂੰ ਤੇਰੇ ਹੱਥਾਂ ਵਿੱਚ ਸੌਂਪਦੇ ਹਾਂ, ਯਿਸੂ ਮਸੀਹ ਦੇ ਨਾਮ ਵਿੱਚ । ਆਮੀਨ ।

ਤੁਸੀਂ ਬੈਠ ਸਕਦੇ ਹੋ ।

3 ਮੇਰਾ ਐਥੇ ਹੋਣ ਦਾ ਉਦੇਸ਼ ਹੈ ਕਿ ਪਰਮੇਸ਼ੁਰ ਦੇ ਲੋਕਾਂ ਦੀ ਸਹਾਇਤਾ ਕਰਨ ਦੀ ਕੋਸ਼ਿਸ ਕਰਾਂ । ਬੱਸ ਐਨਾ ਹੀ ਨਹੀਂ ਕਿ ਉਨ੍ਹਾਂ ਲਈ ਪ੍ਰਾਰਥਨਾ ਕਰਾਂ, ਅਤੇ ਬੀਮਾਰਾਂ ਤੇ ਹੱਥ ਰੱਖਾਂ

ਪਰ ਇਹ ਕਿ ਉਹ ਯਿਸੂ ਮਸੀਹ ਨੂੰ ਸਾਡੇ ਵਿਚਕਾਰ ਪਛਾਣ ਸਕਣ, ਪਰਮੇਸ਼ੁਰ ਦਾ ਪੁੱਤਰ ਸਾਡੇ ਵਿਚਕਾਰ ਹੈ । ਅਸੀਂ ਅੱਜ ਰਾਤ ਇਸ ਵਿਸ਼ੇ ਤੇ ਬੋਲ ਰਹੇ ਹਾਂ: *ਫਿਰ ਯਿਸੂ ਆਇਆ ਅਤੇ ਬੁਲਾਇਆ ।*

4 ਹੁਣ ਅਸੀਂ ਜਿਸ ਸਮੇਂ ਬਾਰੇ ਬੋਲ ਰਹੇ ਹਾਂ, ਇਹ ਇੱਕ ਬਹੁਤ ਉਦਾਸ ਸਮਾਂ ਸੀ । ਜੇ ਤੁਸੀਂ ਕਦੇ ਸਾਡੇ ਪ੍ਰਭੂ ਦੇ ਜੀਵਨ ਵਿੱਚ ਇਹ ਕਹਾਣੀ ਪੜ੍ਹੀ ਹੈ, ਸਾਨੂੰ ਪਤਾ ਲਗਦਾ ਹੈ ਕਿ ਉਹ ਇਸ ਮੁੰਡੇ, ਲਾਜਰ ਦਾ ਇਕ ਬਹੁਤ ਵਧੀਆ ਦੋਸਤ ਸੀ । ਉਹ ਸੀ...ਯੂਸਫ ਨੂੰ ਛੱਡਣ ਤੋਂ ਬਾਅਦ ਜਾਂ, ਉਹ ਛੱਡ ਆਇਆ ਸੀ ਅਤੇ ਮਾਰਥਾ, ਮਰਿਯਮ ਅਤੇ ਲਾਜਰ ਨਾਲ ਰਹਿਣ ਲਈ ਆਇਆ । ਅਤੇ ਉਹ ਬਹੁਤ ਵਧੀਆ ਦੋਸਤ ਸਨ । ਉਨਾਂ ਕੋਲ ਸੀ...ਉਹ ਉਨ੍ਹਾਂ ਲਈ ਪਾਸਟਰ ਵਾਂਗ ਸੀ, ਇੱਕ—ਇੱਕ ਅਸਲੀ ਦੋਸਤ ਸੀ । ਅਤੇ ਉਸਦੇ ਲਈ ਛੋਟੀਆਂ ਛੋਟੀਆਂ ਚੀਜਾਂ ਪਹਿਨਣ ਲਈ ਬਣਾਈਆਂ, ਪਹਿਨਣ ਲਈ ਇੱਕ ਕੋਟ ਬਣਾਇਆ, ਮੈਂ ਵਿਸ਼ਵਾਸ ਕਰਦਾ ਹਾਂ, ਉਹ ਦਾਵਾ ਕਰਦੇ ਹਨ, ਅਤੇ ਇਸ ਨੂੰ ਬਿਨਾ ਕਿਸੇ ਸਿਲਾਈ ਦੇ ਉਣਿਆ ਗਿਆ ਸੀ । ਅਤੇ ਤੱਦ ਉਹਨਾਂ ਨੇ ਉਸ ਲਈ ਬਹੁਤ ਸਾਰੇ ਕੰਮ ਕੀਤੇ ਕਿਓਂਕਿ ਉਹ ਉਸ ਤੇ ਵਿਸ਼ਵਾਸ ਕਰਦੇ ਸਨ । ਇਹ ਉਹ ਸਨ—ਉਹਨਾਂ ਨੇ ਵਿਸ਼ਵਾਸ ਕੀਤਾ ਸੀ ਅਤੇ ਉਹ ਵੇਖਿਆ ਸੀ । ਉਹਨਾਂ ਨੇ ਕਲੀਸਿਯਾ ਨੂੰ ਛੱਡ ਦਿੱਤਾ ਸੀ ਅਤੇ ਇਸ ਤਰਾਂ, ਤਾਂ ਜੋ ਉਸ ਦੇ ਪਿੱਛੇ ਚੱਲ ਸਕਣ । ਅਤੇ ਕਲੀਸਿਯਾ ਤੋਂ ਦੂਰ ਜਾਣਾ, ਇਹ ਗੱਲ ਉਨ੍ਹਾਂ ਦਿਨਾਂ ਲਈ ਬਹੁੱਤ ਵੱਡੀ ਸੀ, ਜਿਸ ਦੀ ਸਜਾ ਮੌਤ ਵੀ ਹੋ ਸਕਦੀ ਸੀ,.

5 ਪਰ, ਯਿਸੂ, ਇਹ ਮਨੁੱਖ ਇਧਰ ਉਧਰ ਜਾ ਕੇ ਉਨ੍ਹਾਂ ਦੀਆਂ ਕਲੀਸਿਯਾਵਾਂ ਨੂੰ ਫਾੜ ਰਿਹਾ ਸੀ ਜਿਵੇਂ ਉਹ ਦਾਵਾ ਕਰਦੇ ਸਨ ਅਤੇ ਉਹਨਾਂ ਦੇ ਪਾਦਰੀਆਂ ਦੇ ਬਾਰੇ ਬੁਰੀਆਂ ਗੱਲਾਂ ਕਹਿ ਰਿਹਾ ਸੀ, ਅਤੇ—ਅਤੇ ਵਗੈਰਾ ਵਗੈਰਾ, ਉਹ ਸੋਚਦੇ ਸਨ ਕਿ ਉਸ ਨੇ ਉਨ੍ਹਾਂ ਦਾ ਵੱਡਾ ਨੁਕਸਾਨ ਕੀਤਾ ਸੀ । ਅਤੇ—ਅਤੇ ਸਿਰਫ ਉਸ ਦਾ ਇਕਰਾਰ ਕਰਨ ਹੀ ਸਭਾ ਤੋਂ ਬਾਹਰ ਕਢਿਆ ਜਾਣਾ ਸੀ । ਅਤੇ ਤੱਦ ਜੇ ਤੁਸੀਂ ਕਲੀਸਿਯਾ ਤੋਂ ਬਾਹਰ ਹੋ, ਉਹ—ਉਹ ਸੋਚਦੇ ਸਨ ਕਿ ਤੁਹਾਡੇ ਕੋਲ ਛੁਟਕਾਰੇ ਦਾ ਕੋਈ ਮੌਕਾ ਨਹੀਂ ਹੈ । ਜੇ ਤੁਸੀਂ ਉਹਨਾਂ ਦੇ ਕਿਸੇ ਵੀ ਇੱਕ ਧੜੇ ਨਾਲ ਸੰਬੰਧ ਨਹੀਂ ਰਖਦੇ, ਜਿਵੇਂ ਫ਼ਰੀਸੀ, ਸਦੂਕੀ ਜਾਂ ਕੁਝ ਹੋਰ, ਜੇ ਤੁਸੀਂ ਉਸ ਤੋਂ ਬਾਹਰ ਰਹੋ ਤਾਂ ਉਥੇ ਕੋਈ ਛੁਟਕਾਰਾ ਨਹੀਂ । ਅਤੇ ਜੇ ਉਨ੍ਹਾਂ ਕੋਲ ਅਧਿਕਾਰ ਹੁੰਦਾ, ਕੁੰਜੀਆਂ ਹੁੰਦੀਆਂ, ਤਾਂ ਜੇ ਉਹ ਚਾਹੁੰਦੇ ਤਾਂ ਤੁਹਾਨੂੰ ਲੱਤ ਮਾਰ ਕੇ ਬਾਹਰ ਕਢ ਸਕਦੇ ਸਨ । ਇਹ ਉਹਨਾਂ ਦਾ ਆਪਣਾ ਕਹਿਣਾ ਸੀ । ਕੋਈ ਹੈਰਾਨੀ ਦੀ ਗਲ ਨਹੀਂ ਕਿ ਯਿਸੂ ਨੇ ਕਿਹਾ, "ਤੁਸੀਂ ਪਰਮੇਸ਼ੁਰ ਦੇ ਬਚਨ ਨੂੰ ਆਪਣੀ ਰੀਤ ਨਾਲ, ਅਕਾਰਥ ਕਰਦੇ ਹੋ" । ਸਮਝੇ?

6 ਅਤੇ ਹੁਣ ਇਹ ਫਿਰ ਤੋਂ ਦੁਹਰਾਇਆ ਜਾ ਰਿਹਾ ਹੈ, 'ਕਿਓਂਕਿ ਅਸੀਂ ਜਾਣਦੇ ਹਾਂ ਕਿ ਇਤਿਹਾਸ ਆਪਣੇ ਆਪ ਨੂੰ ਹਰ ਵਾਰ ਦੁਹਰਾਉਂਦਾ ਹੈ । ਅਤੇ ਇਹ ਹੈ–ਇਹ ਕਿਹਾ ਜਾਂਦਾ ਹੈ, ਪਰ ਇਹ ਦੁਹਰਾਏ ਜਾਣ ਦੇ ਲਈ ਭਵਿੱਖਵਾਨੀ ਹੋਈ ਸੀ, ਅਤੇ ਇਸ ਨੇ ਫਿਰ ਤੋਂ ਇਹ ਕੀਤਾ ਹੈ ।

ਸਾਨੂੰ ਪਤਾ ਲਗਦਾ ਹੈ ਕਿ ਯਿਸੂ ਬਾਰੇ ਚੰਗਾ ਨਹੀਂ ਸੋਚਿਆ ਜਾਂਦਾ ਸੀ ।

7 ਬਹੁਤ ਵਾਰ ਲੋਕ ਉਸ ਮਨੁੱਖ ਦਾ ਨਿਆਂ ਕਰਨਾ ਚਾਹੁੰਦੇ ਹਨ ਜੋ ਉਨ੍ਹਾਂ ਦੇ ਨਾਲ ਸਹਿਮਤ ਨਹੀਂ ਹੁੰਦਾ । ਅਸੀਂ ਇਹ ਕਰਨ ਦੇ ਲਈ ਨਹੀਂ ਹਾਂ । ਅਸੀਂ ਇੱਕ ਦੂਜੇ ਨਾਲ ਅਸਹਿਮਤ ਹੋ ਸਕਦੇ ਹਾਂ, ਪਰ ਮਿੱਤਰਤਾਪੂਰਨ ਤਰੀਕੇ ਨਾਲ । ਜੇ ਮੈਂ ਕਿਸੇ ਮਨੁੱਖ ਨਾਲ ਸਹਿਮਤ ਨਹੀਂ ਹੋ ਸਕਦਾ ਅਤੇ ਮੈਂ ਤੱਦ ਵੀ ਉਸ ਨੂੰ ਪ੍ਰੇਮ ਕਰਾਂਗਾ ਅਤੇ ਉਸਦੇ ਲਈ ਪ੍ਰਾਰਥਨਾ ਕਰਾਂਗਾ, ਅਤੇ

ਉਸਦੇ ਨਾਲ ਅਸਹਿਮਤੀ...ਵਚਨ ਦੇ ਆਧਾਰ ਤੇ ਕਰਾਂਗਾ, ਅਤੇ ਬਿਹਤਰ ਗਿਆਨ ਲਈ, ਤੱਦ ਮੈਂ ਉਸ ਨੂੰ ਕੁਝ ਨਹੀਂ ਕਹਾਂਗਾ । ਮੈਂ ਹਮੇਸ਼ਾ ਉਸਦੇ ਨਾਲ ਮਿੱਤਰਤਾਪੂਰਨ ਤਰੀਕੇ ਨਾਲ ਅਸਹਿਮਤ ਹੋਣਾ ਚਾਹਾਂਗਾ ਕਿਉਂਕਿ ਮੈਂ ਉਸ ਨੂੰ ਪ੍ਰੇਮ ਕਰਦਾ ਹਾਂ, ਅਤੇ ਮੈਂ—ਮੈਂ ਯਕੀਨਨ ਇਹ ਨਹੀਂ ਚਾਹੁੰਦਾ ਕਿ ਉਹ ਨਾਸ਼ ਹੋ ਜਾਵੇ । ਅਤੇ ਉਸ ਨੂੰ ਵੀ ਮੇਰੇ ਨਾਲ ਉਸੇ ਤਰਾਂ ਕਰਨਾ ਚਾਹੀਦਾ ਹੈ; ਅਸੀਂ ਨਾਸ਼ ਨਹੀਂ ਹੋਣਾ ਚਾਹੁੰਦੇ । ਅਤੇ ਸਾਨੂੰ ਆਪਣੇ ਵਿਚਾਰਾਂ ਨੂੰ ਉਸ ਤੇ ਅਧਾਰਿਤ ਕਰਨਾ ਚਾਹੀਦਾ ਹੈ ਜੋ ਵਚਨ ਕਹਿੰਦਾ ਹੈ । ਵਚਨ ਨੂੰ ਸੱਚਾ ਹੋਣ ਦਿਓ । ਸਾਡੇ ਅਕੀਦੇ ਜਾਂ ਸਾਡੇ ਵਿਚਾਰ ਨਹੀਂ, ਪਰ ਉਹੀ ਜੋ ਉਹ ਕਹਿੰਦਾ ਹੈ; ਕੋਈ ਨਿਜੀ ਅਨੁਵਾਦ ਨਹੀਂ, ਸਿਰਫ ਜੋ ਵਚਨ ਕਹਿੰਦਾ ਹੈ ।

8 ਇੱਕ ਰਾਤ ਮੈਂ ਕੁਝ ਕੀਤਾ ਅਤੇ ਇਹ ਲਗਭਗ ਧਰਮ ਦੀ ਬੇਅਦਬੀ ਵਾਂਗ ਲਗਦਾ ਸੀ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਕਿਸੇ ਸਵੇਰ ਸੇਵਕਾਂ ਦੇ ਨਾਸ਼ਤੇ ਤੇ ਸੀ । ਮੈਂ ਯਿਸੂ ਨੂੰ ਇੱਕ ਮੁੱਕਦਮੇ ਵਿੱਚ ਖੜਾ ਕਰ ਦਿੱਤਾ । ਮੈਂ ਕਿਹਾ, "ਜਿਸ ਤਰਾਂ ਉਨ੍ਹਾਂ ਨੇ ਉਦੋਂ ਕੀਤਾ, ਉਸੇ ਤਰਾਂ ਉਹ ਅੱਜ ਕਰ ਰਹੇ ਹਨ" । ਸ਼ਾਇਦ ਇਹ ਚੰਗਾ ਹੋਵੇਗਾ ਕਿ ਮੈਂ ਕੁਝ ਪਲਾਂ ਲਈ ਇਸ ਨੂੰ ਦੁਹਰਾਵਾਂ, ਜੇ ਮੇਰੇ ਕੋਲ ਸਮਾਂ ਹੁੰਦਾ । ਹੁਣ, ਮੈਂ ਕਿਹਾ, ਅੱਜ ਸਾਨੂੰ ਪਤਾ ਲਗਦਾ ਹੈ ਕਿ...

9 ਲੂਥਰ ਦੇ ਸੁਧਾਰ ਕਾਰਜ ਵਿੱਚ, ਉਹ, ਉਸ ਸਮੇਂ ਵਿੱਚ, ਉਸਨੇ ਕਿਹਾ ਕਿ ਧਰਮੀ ਵਿਸ਼ਵਾਸ ਦੁਆਰਾ ਜੀਵੇਗਾ । "ਮਨੁੱਖ ਜੋ ਵਿਸ਼ਵਾਸ ਕਰਦਾ ਹੈ, ਉਹ, ਜਿਸ ਨੂੰ ਇਹ ਮਿਲ ਗਿਆ ਹੈ" । ਪਰ ਸਾਨੂੰ ਪਤਾ ਲਗਦਾ ਹੈ ਕਿ ਉਨ੍ਹਾਂ ਵਿਚੋਂ ਬਹੁਤਿਆਂ ਨੇ ਕਿਹਾ ਕਿ ਉਹ ਵਿਸ਼ਵਾਸ ਕਰਦੇ ਸਨ, ਪਰ ਉਨ੍ਹਾਂ ਕੋਲ ਵਿਸ਼ਵਾਸ ਨਹੀਂ ਸੀ ।

10 ਜਾਨ ਵੈਸਲੀ ਦੇ ਦਿਨਾਂ ਵਿੱਚ, ਜੇ ਉਨ੍ਹਾਂ ਨੂੰ ਦੂਸਰੀ ਬਰਕਤ ਮਿਲੀ, ਉਨ੍ਹਾਂ ਇਸ ਨੂੰ ਪਵਿੱਤਰੀਕਰਣ ਕਿਹਾ, ਸੰਪੂਰਣ ਪਵਿੱਤਰੀਕਰਣ, ਉਹ ਖੁਸ਼ ਹੋ ਗਏ ਅਤੇ ਰੌਲਾ ਪਾਉਣ ਲਗੇ । "ਹਰੇਕ ਰੌਲਾ ਪਾਉਣ ਲਗਾ ਕਿ ਉਨ੍ਹਾਂ ਕੋਲ ਇਹ ਸੀ" । ਪਰ ਉਨ੍ਹਾਂ ਨੂੰ ਪਤਾ ਲਗਾ ਕਿ ਉਨ੍ਹਾਂ ਕੋਲ ਇਹ ਨਹੀਂ ਸੀ । ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਰੌਲਾ ਪਾਇਆ, ਪਰ ਉਨ੍ਹਾਂ ਕੋਲ ਇਹ ਨਹੀਂ ਸੀ ।

11 ਪੰਤੇਕੁਸਤ ਦੇ ਦਿਨਾਂ ਵਿੱਚ, ਉਨ੍ਹਾਂ ਕਿਹਾ, "ਹੁਣ ਦਾਨਾਂ ਦੀ ਬਹਾਲੀ ਆ ਗਈ ਹੈ, ਆਤਮਾ ਦਾ ਬਪਤਿਸਮਾ । ਉਹ ਜੋ ਪਰਾਈਆਂ ਭਾਸ਼ਾਵਾਂ ਬੋਲਦਾ ਹੈ, ਉਸਨੂੰ ਇਹ ਮਿਲ ਗਿਆ ਹੈ" । ਸਾਨੂੰ ਪਤਾ ਲਗਦਾ ਹੈ ਕਿ ਬਹੁਤੀਆਂ ਨੇ ਗੈਰ ਜੁਬਾਨਾਂ ਬੋਲੀਆਂ ਪਰ ਉਨ੍ਹਾਂ ਕੋਲ ਇਹ ਨਹੀਂ ਸੀ ।

12 ਇਸ ਲਈ ਉਨ੍ਹਾਂ ਨੇ ਕਿਹਾ, "ਅੱਛਾ, ਆਤਮਾ ਦਾ ਫਲ, ਇਹ ਉਹ ਹੀ ਹੈ" । ਔਹ, ਨਹੀ, ਆਤਮਾ ਦਾ ਫਲ ਨਹੀਂ ਹੈ । ਮਸੀਹੀ ਵਿਗਿਆਨ, ਜਿਥੇ ਮਸਾਂ ਹੀ...ਆਤਮਾ ਦਾ ਫਲ ਪ੍ਰੇਮ ਹੈ । ਫੇਰ, ਉਨ੍ਹਾਂ ਕੋਲ ਜੋ ਪ੍ਰੇਮ ਹੈ ਉਹ ਕਿਸੇ ਨਾਲੋਂ ਵੀ ਜਿਆਦਾ ਹੈ, ਅਤੇ ਯਿਸੂ ਮਸੀਹ ਦੀ ਪਰਮੇਸ਼ੁਰਤਾਈ ਦਾ ਇਨਕਾਰ ਕਰਦੇ ਹਨ; ਉਸ ਨੂੰ ਬੱਸ ਇੱਕ ਨਬੀ ਕਹਿੰਦੇ ਹਨ, ਬੱਸ ਇੱਕ ਸਧਾਰਣ ਮਨੁੱਖ । ਸਮਝੇ? ਇਸ ਲਈ ਇਹ ਉਹ ਨਹੀਂ ਹੈ ।

13 ਮੈਨੂੰ ਬੱਸ ਇੱਕ ਮਿੰਟ ਲਈ ਇਹ ਸਵਾਲ ਕਰਨ ਦਿਓ । ਆਓ ਅਸੀਂ ਯਿਸੂ ਨੂੰ ਇੱਕ ਮੁੱਕਦਮੇ ਵਿੱਚ ਲੈ ਕੇ ਜਾਂਦੇ ਹਾਂ । ਅਤੇ ਪਰਮੇਸ਼ੁਰ ਮੈਨੂੰ ਇਸ ਮੰਚ ਤੋਂ ਇਹ ਬਿਆਨ ਦੇਣ ਦੇ ਲਈ ਮਾਫ਼ ਕਰੇ ਪਰ ਮੈਂ ਇੱਕ ਮਿੰਟ ਲਈ ਉਹਦੇ ਵਿਰੋਧ ਵਿੱਚ ਜਾ ਰਿਹਾ ਹਾਂ, ਤਾਂ ਕਿ ਤੁਹਾਨੂੰ ਪ੍ਰਕਾਸ਼ ਵਿੱਚ ਲਿਆ ਸਕਾਂ । ਸਮਝੇ?

14 ਹੁਣ ਅੱਜ ਰਾਤ ਤੁਸੀਂ ਲੋਕ ਇਥੇ ਮੇਰੇ ਕੋਲ ਹੋ; ਮੈਂ ਤੁਹਾਡੇ ਨਾਲ ਗਲ ਕਰ ਰਿਹਾ ਹਾਂ । ਮੈਂ ਉਨ੍ਹਾਂ ਦਿਨਾਂ ਵਿੱਚ ਸੀ ਜੱਦ ਨਾਸਰਤ ਦਾ ਯਿਸੂ ਧਰਤੀ ਉੱਤੇ ਸੀ । ਮੈਂ ਤੁਹਾਡੇ ਕੋਲ ਆਇਆ ਹਾਂ ਤਾਂ ਜੋ ਇਸ ਮਨੁੱਖ ਦੇ ਵਿਰੋਧ ਵਿੱਚ ਜੋ ਨਾਸਰਤ ਦਾ ਯਿਸੂ ਹੈ ਤੁਹਾਡੇ ਨਾਲ ਵਾਦ ਵਿਵਾਦ ਕਰਾਂ । ਹੁਣ ਅਸੀਂ ਸਾਰੇ ਇਹ ਜਾਣਦੇ ਹਾਂ ਕਿ ਪਰਮੇਸ਼ੁਰ ਪ੍ਰੇਮ ਹੈ । ਬਾਈਬਲ ਕਹਿੰਦੀ ਹੈ ਕਿ ਉਹ ਹੈ । ਸਭ ਠੀਕ ਹੈ, ਅਤੇ ਪ੍ਰੇਮ, ਆਤਮਾ ਧੀਰਜ, ਨਰਮਾਈ, ਸੰਜਮ ਅਤੇ ਪ੍ਰੇਮ ਹੈ । ਹੁਣ ਮੈਂ ਕਹਿੰਦਾ ਹਾਂ, ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ । ਅਸੀਂ ਉਹ ਲੈਣ ਲਈ ਜਾਵਾਂਗੇ ਜੋ–ਜੋ ਅਸੀਂ ਜਾਣਦੇ ਹਾਂ, ਇੱਕ ਮਸੀਹ ।

15 “ਆਪਣੇ ਇਸ ਬੂੜੇ ਜਾਜਕ ਵਲ੍ਹ ਵੇਖੋ । ਉਸ ਦਾ ਪੜਦਾਦਾ ਇੱਕ ਜਾਜਕ ਸੀ । ਉਸ ਨੂੰ ਇੱਕ ਜਾਜਕ ਹੋਣ ਦੇ ਲਈ ਲੇਵੀਆਂ ਦੇ ਘਰਾਣੇ ਵਿੱਚ ਜਨਮ ਲੈਣਾ ਪੈਣਾ ਸੀ । ਹੁਣ ਸਾਨੂੰ ਪਤਾ ਲਗਦਾ ਹੈ, ਉਸ ਕੋਲ ਉਸ ਵਰਗਾ ਜਵਾਨ ਆਦਮੀ ਦਾ ਜੀਵਨ ਹੈ ਜਿਸ ਤਰਾਂ ਦਾ ਤੁਹਾਡੇ ਕੋਲ ਸੀ । ਉਹ ਕੀ ਕਰਦਾ ਹੈ? ਉਹ ਆਪਣੇ ਆਪ ਨੂੰ ਬਲੀਦਾਨ ਕਰਦਾ ਹੈ, ਉਹ ਉਥੇ ਪਰਮੇਸ਼ੁਰ ਦੇ ਵਚਨ ਦੀ ਪੜ੍ਹਾਈ ਕਰਨ ਲਈ ਹੈ । ਉਹ ਇਸ ਨੂੰ ਪੜ੍ਹਦਾ ਹੈ, ਦਿਨ ਅਤੇ ਰਾਤ, ਦਿਨ ਅਤੇ ਰਾਤ, ਉਸ ਨੂੰ ਉਸਦੇ ਹਰੇਕ ਅੱਖਰ ਨੂੰ, ਪੋਥੀ ਦੇ ਹਰੇਕ ਸ਼ਬਦ ਨੂੰ ਜਾਨਣਾ ਹੈ । ਉਹਨੂੰ ਇਸ ਨੂੰ ਚੰਗੀ ਤਰਾਂ ਯਾਦ ਕਰਣਾ ਹੈ । ਉਹ–ਉਹ, ਬੱਸ ਇਸ ਦੇ ਬਾਰੇ ਕੁਝ ਤਾਂ ਹੈ ਜੋ ਉਸ ਨੂੰ ਜਾਨਣਾ ਹੀ ਹੈ ।

16 “ਅਤੇ ਫਿਰ ਉਸ ਤੋਂ ਇਲਾਵਾ, ਜਦੋਂ ਤੁਹਾਡੇ ਪਿਤਾ ਅਤੇ ਮਾਤਾ ਦਾ ਵਿਆਹ ਹੋਇਆ, ਕਿਸ ਨੇ ਉਨ੍ਹਾਂ ਨੂੰ ਪਤੀ ਪਤਨੀ ਕਰਕੇ ਮਿਲਾਇਆ? ਤੁਹਾਡੇ ਧਰਮੀ ਬੂੜੇ ਜਾਜਕ ਨੇ । ਉਹ ਕੌਣ ਸੀ ਜੋ ਤੁਹਾਡੇ ਪਿਤਾ ਕੋਲ ਆਇਆ ਜੱਦ ਉਸ ਨੂੰ ਲੋੜ੍ਹ ਸੀ ਅਤੇ ਉਸਨੇ ਆਪਣੇ ਖੇਤਾਂ ਦੇ ਉੱਤੇ ਕੁਝ ਕਰਜਾ ਲਿਆ ਸੀ, ਜਿਸ ਨੂੰ ਗਿਰਵੀ ਰੱਖਣ ਵਾਲੇ ਜਬਤ ਕਰਨ ਵਾਲੇ ਸਨ? ਉਸਦੇ ਨਾਲ ਕੌਣ ਖੜਾ ਸੀ? ਤੁਹਾਡਾ ਸੱਜਣ ਬੁਢਾ ਜਾਜਕ । ਉਸ ਵੇਲੇ ਕੌਣ ਉਸ ਕਮਰੇ ਵਿੱਚ ਤੁਹਾਡੀ ਮਾਂ ਦੇ ਕੋਲ ਖੜਾ ਸੀ ਜਿਸ ਵੇਲੇ ਉਹ ਤੁਹਾਨੂੰ ਜਨਮ ਦੇ ਰਹੀ ਸੀ? ਦਯਾਲੂ ਬੁਢਾ ਜਾਜਕ । ਤੁਹਾਡੇ ਕੋਲ ਕੌਣ ਆਉਂਦਾ ਹੈ ਜੱਦ ਤੁਸੀਂ ਤੁਸੀਂ ਬੀਮਾਰ ਅਤੇ ਲੋੜ੍ਹਵੰਦ ਹੁੰਦੇ ਹੋ? ਤੁਹਾਡਾ ਸੱਜਣ ਬੁਢਾ ਜਾਜਕ । ਜੱਦ ਤੁਹਾਡੇ ਮਾਤਾ ਪਿਤਾ ਦਾ ਤਲਾਕ ਹੋਣ ਵਾਲਾ ਸੀ, ਕੌਣ ਉਨ੍ਹਾਂ ਨੂੰ ਵਾਪਸ ਮੋੜ੍ਹ ਲਿਆਇਆ, ਉਨ੍ਹਾਂ ਨੂੰ ਇੱਕਠੇ ਥਮ ਰਖਿਆ? ਤੁਹਾਡਾ ਸੱਜਣ ਬੁਢਾ ਜਾਜਕ । ਜਦੋਂ ਗੁਆਂਢ ਵਿੱਚ ਪਰੇਸ਼ਾਨੀ ਹੁੰਦੀ ਹੈ ਤਾਂ ਕੌਣ ਇਸ ਦੀ ਫਿਕਰ ਕਰਦਾ ਹੈ? ਤੁਹਾਡਾ ਸੱਜਣ ਬੁਢਾ ਜਾਜਕ । ਯਕੀਨਨ ।

17 ਹੁਣ ਇਹ ਸੱਜਣ ਬੁਢਾ ਜਾਜਕ ਇਹ ਜਾਣਦਾ ਹੈ ਕਿ ਬਾਈਬਲ ਨੇ ਕਿਹਾ ਹੈ ਕਿ ਪਰਮੇਸ਼ੁਰ ਨੂੰ ਬਲੀਦਾਨ ਦੇ ਲਈ ਇੱਕ ਲੇਲੇ ਦੀ ਲੋੜ੍ਹ ਹੈ । ਤੁਹਾਡੇ ਵਿਚੋਂ ਬਹੁਤ ਸਾਰੇ ਆਦਮੀ ਵਪਾਰੀ ਹਨ, ਇਸ ਲਈ ਤੁਸੀਂ ਭੇਡਾਂ ਨਹੀਂ ਪਾਲਦੇ, ਫਿਰ ਵੀ ਪਰਮੇਸ਼ੁਰ ਨੂੰ ਇੱਕ ਭੇਡ ਦੀ ਲੋੜ੍ਹ ਹੈ । ਉਨ੍ਹਾਂ ਨੇ ਉਥੇ ਕੁਝ ਸਟਾਲ ਬਣਾਏ, ਉਹ ਆਪਣੀਆਂ ਭੇਡਾਂ ਨੂੰ ਵੇਚਦੇ ਸਨ ਤਾਂ ਕਿ ਵਪਾਰੀ ਜਾ ਕੇ ਇਸ ਨੂੰ ਖਰੀਦ ਸਕਣ, ਆਪਣੇ ਪ੍ਰਾਣ ਦੇ ਲਈ ਬਲੀਦਾਨ ਚੜ੍ਹਾ ਸਕਣ, ਜਿਸ ਦੀ ਪਰਮੇਸ਼ੁਰ ਨੂੰ ਲੋੜ੍ਹ ਹੈ ।

18 “ਇਸ ਜਵਾਨ ਆਦਮੀ ਨੇ ਕੀ ਕੀਤਾ, ਜਿਸ ਨੂੰ ਯਿਸੂ ਕਿਹਾ ਜਾਂਦਾ ਹੈ? ਉਹ ਕਿਥੋਂ ਆਇਆ ਸੀ? ਉਸਨੇ ਕਿਹਾ ਕਿ ਉਹ ਇੱਕ ਕੁਆਰੀ ਤੋਂ ਜੰਮਿਆ ਹੈ । ਕੀ ਕਦੇ ਕਿਸੇ ਨੇ ਅਜਿਹੀ ਬੇਹੁਦਾ ਗਲ ਸੁਣੀ ਹੈ? ਅਸੀਂ ਜਾਣਦੇ ਹਾਂ ਉਸਦੀ ਮਾਂ ਅਤੇ ਯੂਸੁਫ਼ ਦੇ ਵਿਆਹ ਹੋਣ

ਤੋਂ ਪਹਿਲਾਂ ਹੀ ਉਸਦਾ ਜਨਮ ਹੋਇਆ ਸੀ । ਹੁਣ ਸਾਨੂੰ ਪਤਾ ਲਗਦਾ ਹੈ ਕਿ ਉਹ ਸ਼ੁਰੂਆਤ ਤੋਂ ਹੀ ਬਦਨਾਮ ਸੀ ।

19 "ਉਸ ਕੋਲ ਕਿਹੜਾ ਮੈਂਮਬਰਸ਼ਿਪ ਕਾਰਡ ਹੈ? ਜੇ ਉਹ ਇੱਕ ਧਰਮੀ ਮਨੁੱਖ ਸੀ, ਉਹ ਕਿਹੜੇ ਸਮੂਹ ਵਿੱਚ ਸ਼ਾਮਲ ਹੋਇਆ? ਜਦੋਂ ਤੁਹਾਡਾ ਜਾਜਕ ਨੇ ਵਚਨ ਨੂੰ ਜਾਣਨ ਲਈ ਪੜ੍ਹਾਈ, ਪੜ੍ਹਾਈ, ਪੜ੍ਹਾਈ, ਪੜ੍ਹਾਈ ਕੀਤੀ, ਉਹ ਆਉਂਦਾ ਹੈ ਅਤੇ ਜੋ ਉਸ ਨੇ ਬਣਾਇਆ ਉਸ ਨੂੰ ਢਾਹ ਦਿੰਦਾ ਹੈ । ਕੀ ਤੁਸੀਂ ਉਸ ਨੂੰ 'ਪਰਮੇਸ਼ੁਰ' ਕਹੋਗੇ? ਯਕੀਨਨ ਨਹੀਂ ।

20 "ਹੁਣ, ਕਿਸੇ ਦਿਨ ਜੱਦ ਤੁਹਾਡੇ ਜਾਜਕ ਨੇ ਉਥੇ ਉਹ ਜਗਾ ਬਣਾਈ ਸੀ…ਜਿਥੇ ਤੁਸੀਂ ਬਲੀ ਨੂੰ ਖਰੀਦ ਸਕੋ, ਇਸ ਜਵਾਨ ਬੰਦੇ ਨੇ ਕੀ ਕੀਤਾ? ਦਇਆ? ਉਸਨੇ ਮਾਰਿਆ, ਕੁਝ ਰੱਸੀਆਂ ਇੱਕਠੀਆਂ ਕੀਤੀਆਂ, ਕੁਝ ਸਣ ਅਤੇ ਚਮੜਾ ਲੋਕਾਂ ਵਲ ਗੁੱਸੇ ਨਾਲ ਵੇਖਣ ਲਗਾ; ਉਨ੍ਹਾਂ ਮੇਜਾਂ ਨੂੰ ਲੱਤਾਂ ਮਾਰੀਆਂ ਅਤੇ ਜਿਹੜੇ ਉਥੇ ਸਨ ਉਨ੍ਹਾਂ ਨੂੰ ਕੁੱਟਿਆ । ਅਤੇ ਤੁਸੀਂ ਇਸ ਨੂੰ ਆਤਮਾ ਦੇ ਫਲ ਕਹਿੰਦੇ ਹੋ, ਉਨ੍ਹਾਂ ਦੇ ਵਲ ਗੁੱਸੇ ਨਾਲ ਵੇਖਦੇ ਹੋਏ? ਅਤੇ, ਵੇਖੋ, ਉਹ ਮਨੁੱਖਾਂ ਤੋਂ ਯਹੋਵਾਹ ਦੀ ਉਪਾਸਨਾ ਕਰਨ ਦਾ ਮੌਕਾ ਖੋਹ ਰਿਹਾ ਸੀ! ਵਪਾਰੀ ਉਸਦੀ ਉਪਾਸਨਾ ਕਰਨੀ ਚਾਹੁੰਦੇ ਸਨ; ਉਹ ਲੇਲੇ ਨਹੀਂ ਪਾਲਦੇ ਅਤੇ ਉਹ ਉਥੇ ਇਹ ਖਰੀਦਣ ਗਏ ਸਨ । ਅਤੇ ਉਸਨੇ ਇਸਦੇ ਉਲਟ ਉਨ੍ਹਾਂ ਨੂੰ ਲੱਤਾਂ ਮਾਰੀਆਂ ਅਤੇ ਬਾਹਰ ਭੱਜਾ ਦਿੱਤਾ ।

21 ਉਥੇ ਕਿਸ ਦੇ ਕੋਲ ਆਤਮਾ ਦਾ ਫਲ ਸੀ? ਸਮਝੇ? ਇਥੇ ਹੋ ਤੁਸੀਂ । ਸਮਝੇ, ਆਤਮਾ ਦਾ ਫਲ ਨਹੀਂ, ਪਰਾਈ ਭਾਸ਼ਾਵਾਂ ਬੋਲਣਾ ਨਹੀਂ, ਕੋਈ ਸ਼ੋਰ ਨਹੀਂ ।

22 ਤੁਸੀਂ ਕਹਿੰਦੇ ਹੋ, "ਤੱਦ, ਭਾਈ ਬ੍ਰਾਨਹਾਮ, ਕੀ ਸਬੂਤ ਹੈ? ਕੀ ਸਬੂਤ ਹੈ?" ਇਸ ਘੜੀ ਵਿੱਚ ਵਚਨ ਦਾ ਸਹੀ ਸਿੱਧ ਹੋਣਾ ।

23 ਉਨ੍ਹਾਂ ਕੋਲ ਬਾਈਬਲ ਸੀ । ਉਹ ਠੀਕ ਉਸੇ ਤਰਾਂ ਸੀ ਜਿਸ ਤਰਾਂ ਯਹੋਵਾਹ ਨੇ ਕਿਹਾ ਸੀ ਕਿ ਹੋਵੇਗਾ । ਇਸ ਨੂੰ ਕਿਸੇ ਅਨੁਵਾਦ ਦੀ ਲੋੜ੍ਹ ਨਹੀਂ ਹੈ । ਇਹਦਾ ਉਥੇ ਤਰਜਮਾ ਹੋਇਆ । ਉਥੇ ਤੁਹਾਡੇ ਜਾਜਕ ਸਨ, ਉਥੇ ਉਨ੍ਹਾ ਕੋਲ ਸਭ ਕੁਝ ਸੀ ਅਤੇ ਹਰੇਕ ਚੀਜ ਦਸਤੂਰ ਨਾਲ ਅਤੇ ਹਰੇਕ ਚੀਜ, ਪਰ ਫਿਰ ਵੀ ਉਹ ਵਚਨ ਨੂੰ ਵੇਖਣ ਵਿੱਚ ਅਸਫਲ ਹੋ ਗਏ । ਅਤੇ ਉਸਨੇ ਉਸ ਵਚਨ ਨੂੰ ਉਸ ਯੁੱਗ ਦੇ ਲਈ ਜਿਉਂਦਾ ਬਣਾਇਆ । ਇਹੀ ਉਸ ਯੁੱਗ ਦਾ ਸਬੂਤ ਹੈ ।

24 ਲੂਥਰ ਕੋਲ ਉਸਦੇ ਯੁੱਗ ਦਾ ਪ੍ਰਮਾਣ ਸੀ, ਵੈਸਲੀ ਕੋਲ ਆਪਣੇ ਦਾ, ਪੰਤੇਕੁਸਤ ਕੋਲ ਆਪਣੇ ਦਾ, ਪਰ ਅਸੀਂ ਕਿਸੇ ਹੋਰ ਯੁੱਗ ਵਿੱਚ ਹਾਂ । ਉਹ ਗਲਾਂ ਠੀਕ ਹਨ । ਪਰ ਜਿਵੇਂ ਇੱਕ ਬੱਚੇ ਕੋਲ ਇੱਕ ਉਂਗਲ, ਇੱਕ ਅੱਖ ਅਤੇ ਨੱਕ ਹੁੰਦਾ ਹੈ ਪਰ ਕੁਝ ਸਮੇਂ ਬਾਦ ਉਸ ਨੂੰ ਇੱਕ ਮਨੁੱਖ ਬਣਨਾ ਹੁੰਦਾ ਹੈ । ਉਸ ਨੂੰ ਇੱਕ ਪਰਿਪੱਕ ਬੱਚ ਬਣਨਾ ਹੁੰਦਾ ਹੈ; ਤੱਦ ਜਨਮ ਲੈਣਾ ਹੁੰਦਾ ਹੈ, ਇੱਕ ਪ੍ਰਾਣ, ਦੇਹ, ਆਤਮਾ ਲੈਣਾ ਹੁੰਦਾ ਹੈ, ਫਿਰ ਉਹ ਆਲੇ ਦੁਆਲੇ ਘੁੰਮ ਸਕਦਾ ਹੈ ।

25 ਹੁਣ ਸਾਨੂੰ ਪਤਾ ਲਗਦਾ ਹੈ, ਇਹ ਸਭ, ਯਿਸੂ ਨੇ ਇਸ ਦਾ ਬੱਸ ਥੋੜੇ ਜਿਹਾ ਲੋਕਾਂ ਵਿੱਚ ਐਲਾਨ ਕੀਤਾ ਸੀ, ਬੱਸ ਉਨ੍ਹਾਂ ਵਿੱਚ ਜੋ ਜੀਵਨ ਦੇ ਲਈ ਠਹਿਰਾਏ ਗਏ ਸਨ, ਉਸ ਨੂੰ ਵੇਖਿਆ । ਵੱਡੀਆਂ ਭੀੜਾਂ ਨਹੀਂ; ਉਸਦੀ ਭੀੜ ਕਦੇ ਵੀ ਕਯਾਫ਼ਾ ਦੀ ਭੀੜ ਵਾਂਗ ਨਹੀਂ ਸੀ । ਕਿਓਂ, ਕਯਾਫ਼ਾ ਪੂਰੀ ਕੌਮ ਨੂੰ ਇੱਕਠੀ ਬੁਲਾ ਸਕਦਾ ਸੀ । ਯਿਸੂ ਨੇ ਬੱਸ ਥੋੜੇ ਜਿਹੇ ਲੋਕਾਂ ਨੂੰ ਇੱਕਠੇ ਬੁਲਾਇਆ । ਉਸ ਨੂੰ ਬਹੁਤ ਲੋਕ ਨਹੀਂ ਜਾਣਦੇ ਸਨ । ਹਜਾਰਾਂ ਵਾਰ ਜਦੋਂ ਉਹ ਧਰਤੀ ਉੱਤੇ

ਆਇਆ, ਉਹ ਧਰਤੀ ਵਿਚੋਂ ਦੀ ਲੰਘਿਆ ਅਤੇ ਉਨ੍ਹਾਂ ਨੂੰ ਕਦੇ ਵੀ ਇਹ ਪਤਾ ਨਾ ਲਗਾ ਕਿ ਉਹ ਇਥੇ ਸੀ ।

26 ਇਸ ਤਰਾਂ ਦੁਬਾਰਾ ਹੋਵੇਗਾ! ਉਹ ਉਨ੍ਹਾਂ ਕੋਲ ਆਵੇਗਾ ਜਿਹਨਾਂ ਨੂੰ ਜੀਵਨ ਲਈ ਬੁਲਾਇਆ ਗਿਆ ਹੈ । ਉਹ ਜਾਣਦਾ ਹੈ ਕਿਸ ਨੂੰ ਜੀਵਨ ਲਈ ਬੁਲਾਇਆ ਗਿਆ ਹੈ । ਅਤੇ ਉਹ ਨਹੀਂ… ਇਸ ਦੀ ਚਿੰਤਾ ਕਰਨਾ ਉਸਦਾ ਕੰਮ ਹੈ ।

27 ਹੁਣ ਸਾਨੂੰ ਪਤਾ ਲਗਦਾ ਹੈ ਕਿ ਫਿਰ ਉਹ ਕਲੀਸਿਯਾ ਵਿਚੋਂ ਬਾਹਰ ਆ ਗਏ ਅਤੇ ਉਨ੍ਹਾਂ ਉਸ ਤੇ ਵਿਸ਼ਵਾਸ ਕੀਤਾ ਸੀ । ਵਚਨ ਉਸਦੇ ਬਾਰੇ ਜੋ ਵੀ ਕਹਿ ਰਿਹਾ ਸੀ, ਉਹ ਉਸੇ ਤਰਾਂ ਸੀ ।

28 ਅਤੇ ਇੱਕ ਦਿਨ ਉਹ ਉਨ੍ਹਾਂ ਦੇ ਘਰ ਨੂੰ ਛੱਡ ਕੇ ਚਲਾ ਗਿਆ । ਮੈਂ ਤਿੰਨ ਚੀਜਾਂ ਬਾਰੇ ਬੋਲਣਾ ਚਾਹੁੰਦਾ ਹਾਂ: ਯਿਸੂ ਚਲਾ ਗਿਆ; ਮੌਤ ਅੰਦਰ ਆਈ; ਅਤੇ ਸਭ ਉਮੀਦਾਂ ਖਤਮ ਹੋ ਗਈਆਂ ਸਨ । ਮੈਂ ਕੁਝ ਮਿੰਟਾਂ ਦੇ ਲਈ ਇਨ੍ਹਾਂ ਤਿਨਾਂ ਗਲਾਂ ਉੱਤੇ ਬੋਲਣਾ ਚਾਹੁੰਦਾ ਹਾਂ ।

29 ਯਿਸੂ ਚਲਾ ਗਿਆ ਸੀ । ਅਤੇ ਜਦੋਂ ਉਹ ਗਿਆ, ਮੁਸੀਬਤ ਅੰਦਰ ਆ ਗਈ । ਹੁਣ ਜਦੋਂ ਉਹ ਤੁਹਾਨੂੰ ਛੱਡਦਾ ਹੈ ਜਾਂ ਜਿਸ ਘਰ ਵਿੱਚ ਤੁਸੀਂ ਰਹਿੰਦੇ ਹੋ, ਤਾਂ ਮੁਸੀਬਤ ਆਪਣੇ ਰਾਹ ਤੇ ਹੁੰਦੀ ਹੈ । ਜਦੋਂ ਯਿਸੂ ਛੱਡ ਕੇ ਜਾਂਦਾ ਹੈ ਤਾਂ ਸ਼ਤਾਨ ਨੂੰ ਇੱਕ ਖੁੱਲਾ ਦਰਵਾਜਾ ਮਿਲਦਾ ਹੈ ।

30 ਉਹ ਜਾ ਚੁੱਕਾ ਸੀ, ਅਤੇ—ਅਤੇ ਜਿਵੇਂ ਹੀ ਉਹ ਗਿਆ, ਮੌਤ ਅੰਦਰ ਆ ਗਈ । ਅਤੇ ਜਦੋਂ ਯਿਸੂ ਬਾਹਰ ਜਾਂਦਾ ਹੈ ਤਾਂ ਮੌਤ ਅੰਦਰ ਆ ਜਾਂਦੀ ਹੈ । ਉਸ ਤੋਂ ਵੱਖਰੇ ਹੋਣਾ ਮੌਤ ਹੈ, ਇਸ ਲਈ ਮੌਤ ਅੰਦਰ ਆ ਗਈ ਜੱਦ ਯਿਸੂ ਬਾਹਰ ਚਲਾ ਗਿਆ ।

31 ਮੌਤ ਲਾਜਰ ਨੂੰ ਲੈਣ ਵਿੱਚ ਦੇਰ ਕਰ ਰਹੀ ਸੀ । ਅਤੇ ਉਸ ਵੇਲੇ ਜਿਸ ਉੱਤੇ ਉਹ ਵਿਸ਼ਵਾਸ ਕਰਦੇ ਅਤੇ ਪ੍ਰੇਮ ਕਰਦੇ ਸਨ, ਉਨ੍ਹਾਂ ਉਸ ਨੂੰ ਬੁਲਾਇਆ ਕਿ ਆ ਕੇ ਲਾਜਰ ਲਈ ਪ੍ਰਾਰਥਨਾ ਕਰੇ, ‘ਕਿਓਂਕਿ ਉਨ੍ਹਾਂ ਉਸ ਨੂੰ ਵੇਖਿਆ ਸੀ ਅਤੇ ਜਾਣਦੇ ਸਨ ਕਿ ਉਹ ਪਰਮੇਸ਼ੁਰ ਨੂੰ ਜਾਣਦਾ ਹੈ, “ਉਹ ਜੋ ਵੀ ਪਰਮੇਸ਼ੁਰ ਤੋਂ…” ਮਾਰਥਾ ਨੇ ਉਥੇ ਇਹ ਗਲ ਕਹੀ, “ਹੁਣ ਤੂੰ ਜੋ ਵੀ ਪਰਮੇਸ਼ੁਰ ਨੂੰ ਕਹੇਂਗਾ, ਪਰਮੇਸ਼ੁਰ ਉਹ ਕਰ ਦਵੇਗਾ” । ਉਸ ਨੇ ਇਹ ਪਛਾਣ ਲਿਆ ਸੀ ਕਿ ਉਹ ਅਤੇ ਪਰਮੇਸ਼ੁਰ ਇੱਕ ਸਨ । ਉਹ ਉਸ ਸਮੇਂ ਦਾ ਵਚਨ ਸੀ, ਇਸ ਲਈ ਉਸ ਨੇ ਉਸ ਨੂੰ ਪਛਾਣ ਲਿਆ । ਅਤੇ ਉਹ ਜਾਣਦੀ ਸੀ, ਜੇ ਉਹ ਕਦੇ ਉਸ ਦੇ ਸੰਪਰਕ ਵਿੱਚ ਆ ਜਾਵੇ, ਪਰ ਉਹ ਚਲਾ ਗਿਆ ਸੀ ਅਤੇ ਉਹ ਉਸ ਨੂੰ ਫੜ੍ਹ ਕੇ ਨਹੀਂ ਰੱਖ ਸਕਦੇ ਸਨ । ਅਤੇ ਉਨ੍ਹਾਂ ਉਸ ਨੂੰ ਬੁਲਾਇਆ ਅਤੇ ਉਹ ਆਉਣ ਦੀ ਬਜਾਏ ਹੋਰ ਦੂਰ ਚਲਾ ਗਿਆ । ਅਤੇ ਫਿਰ ਉਨ੍ਹਾਂ ਦੁਬਾਰਾ ਬੁਲਾਇਆ ਅਤੇ ਆਉਣ ਦੀ ਬਜਾਏ ਉਹ ਹੋਰ ਅੱਗੇ ਚਲਾ ਗਿਆ ।

32 ਕਦੇ ਕਦੇ ਅਸੀਂ ਹੈਰਾਨ ਹੁੰਦੇ ਹਾਂ ਕਿ ਉਹ ਚੀਜਾਂ ਕਿਓਂ ਹੁੰਦੀਆਂ ਹਨ, ਪਰ ਕੀ ਵਚਨ ਇਹ ਨਹੀਂ ਕਹਿੰਦਾ, “ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ?” ਉਹ ਜਾਣਦਾ ਹੈ ਉਹ ਕੀ ਕਰ ਰਿਹਾ ਹੈ । ਜੇ ਉਹ ਚਿਰ ਕਰਦਾ ਹੈ, ਇਹ ਬਿਲਕੁਲ ਠੀਕ ਹੈ । ਉਹ ਜਾਣਦਾ ਹੈ ਉਹ ਕੀ ਕਰ ਰਿਹਾ ਹੈ । ਉਸ ਦਾ ਇੱਕ ਉਦੇਸ਼ ਸੀ ।

33 ਅਸੀਂ ਵੇਖਦੇ ਹਾਂ ਕਿ ਉਸ ਨੇ ਕਿਹਾ, ਸੰਤ ਯੂਹੰਨਾ 5:19 ਵਿੱਚ, "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਪੁੱਤ੍ਰ ਆਪ ਤੋਂ ਕੁਝ ਨਹੀਂ ਕਰਦਾ ਪਰ ਜੋ ਕੁਝ ਪਿਤਾ ਨੂੰ ਕਰਦਿਆਂ ਵੇਖਦਾ ਹੈ" ।

34 ਪਿਤਾ ਨੇ ਉਸ ਨੂੰ ਦੂਰ ਜਾਣ ਲਈ ਕਿਹਾ ਸੀ ਅਤੇ ਬਹੁਤ ਸਾਰੇ ਦਿਨ ਦੂਰ ਰਹਿਣ ਲਈ ਕਿਹਾ ਸੀ । ਉਨ੍ਹਾਂ ਦਿਨਾਂ ਦੇ ਸਮਾਪਤ ਹੋਣ ਤੋਂ ਮਗਰੋਂ, ਤੱਦ ਉਸ ਨੇ ਉਹ ਕਿਹਾ ਜੋ ਉਸਨੇ ਕਿਹਾ ਸੀ, ਕਿ, "ਸਾਡਾ ਮਿੱਤ੍ਰ ਲਾਜਰ ਸੌਂ ਗਿਆ ਹੈ" ।

ਅਤੇ ਉਨ੍ਹਾਂ ਕਿਹਾ, "ਠੀਕ ਹੈ, ਉਹ ਚੰਗਾ ਕਰਦਾ ਹੈ" ।

35 ਉਸ ਨੇ ਕਿਹਾ, "ਉਹ ਮਰ ਗਿਆ ਹੈ । ਅਤੇ ਮੈਂ ਤੁਹਾਡੀ ਖਾਤਰ ਪਰਸਿੰਨ ਹਾਂ ਜੋ ਮੈਂ ਉੱਥੇ ਨਾ ਸਾਂ" । ਕਿਓਂਕਿ ਉਹ ਕੋਸ਼ਿਸ ਕਰ ਰਹੇ ਸਨ ਕਿ ਉਹ ਉਸ ਕੋਲ ਜਾਵੇ ਤਾਂ ਜੋ ਉਸ ਨੂੰ ਚੰਗਾ ਕਰੇ ਜਾਂ ਉਹ ਕਹੇ ਜੋ ਕਰਨ ਦੀ ਲੋੜ੍ਹ ਸੀ । ਪਰ ਉਹ ਜਾਣਦਾ ਸੀ ਕਿ ਕੀ ਕਰਨ ਦੀ ਲੋੜ੍ਹ ਸੀ, ਇਸ ਲਈ ਉਹਨੇ ਠੀਕ ਉਹੀ ਕੀਤਾ ਜੋ ਕਰਨ ਲਈ ਉਸ ਨੂੰ ਠਹਿਰਾਇਆ ਗਿਆ ਸੀ: ਦੂਰ ਰਹਿਣਾ । ਜੇ ਤੁਸੀਂ ਕਬਰ ਤੇ ਉਸ ਵਲ੍ਹ ਧਿਆਨ ਕਰੋ ਜਦੋਂ ਉਹ ਵਾਪਸ ਆਇਆ । ਉਸ ਨੇ ਇਹ ਵਿਅਕਤ ਕੀਤਾ ਜੱਦ ਉਹ ਵਾਪਸ ਆਇਆ ।

36 ਸਭ ਉਮੀਦਾਂ ਮੁੱਕ ਗਈਆਂ ਸਨ । ਲਾਜਰ ਮਰ ਗਿਆ ਸੀ । ਹਰ ਘੜੀ ਉਹ ਸੋਚਦੇ ਰਹੇ, "ਸ਼ਾਇਦ ਉਹ ਦ੍ਰਿਸ਼ ਤੇ ਆ ਜਾਵੇ । ਉਹ ਦ੍ਰਿਸ਼ ਤੇ ਆ ਸਕਦਾ ਹੈ । ਹੋ ਸਕਦਾ ਹੈ ਉਹ ਵਾਪਸ ਆ ਜਾਵੇ" । ਅੰਤ, ਉਹ ਮਰ ਗਿਆ, ਸਾਹ ਉਸ ਨੂੰ ਛੱਡ ਕੇ ਚਲਾ ਗਿਆ ।

37 ਉਹ ਬਾਹਰ ਗਏ, ਉਸ ਨੂੰ ਸੁੰਗਧਾਂ ਮਲੀਆਂ, ਉਸ ਦੇ ਸ਼ਰੀਰ ਵਿਚੋਂ ਲਹੂ ਲੈ ਕੇ, ਉਸ ਨੂੰ ਕਪੜੇ ਵਿੱਚ ਲਪੇਟਿਆ, ਮਸਾਲੇ ਅਤੇ ਸੁੰਗਧਾਂ ਮਲੀਆਂ ਅਤੇ ਉਸ ਨੂੰ ਕਬਰ ਵਿੱਚ ਰੱਖ ਦਿੱਤਾ, ਕਬਰ ਦੇ ਅੱਗੇ ਇੱਕ ਪੱਥਰ ਰੱਖ ਦਿੱਤਾ, ਜੋ ਉਨ੍ਹਾਂ ਦਿਨਾਂ ਵਿੱਚ ਦਫਨਾਉਣ ਦਾ ਰਿਵਾਜ ਸੀ । ਜਮੀਨ ਵਿੱਚ ਇੱਕ ਖੱਡ, ਜਾਂ ਇੱਕ ਚਟਾਨ ਵਿੱਚ ਅਤੇ ਉਸ ਦੇ ਉੱਪਰ ਇੱਕ ਪਥਰ ਰੱਖ ਦਿੰਦੇ ਸਨ, ਇਹ ਉਨ੍ਹਾਂ ਦਾ ਰਿਵਾਜ ਸੀ ।

38 ਪਹਿਲਾ ਦਿਨ ਗੁਜਰ ਗਿਆ, ਦੂਸਰਾ ਦਿਨ ਗੁਜਰ ਗਿਆ, ਤੀਸਰਾ ਦਿਨ ਗੁਜਰ ਗਿਆ, ਚੌਥਾ ਦਿਨ ਗੁਜਰ ਗਿਆ, ਮਨੁੱਖ ਪਹਿਲਾਂ ਹੀ ਕਬਰ ਵਿੱਚ ਸੜ੍ਹ ਰਿਹਾ ਸੀ । ਉਸ ਦਾ ਨੱਕ ਸ਼ਾਇਦ ਡਿੱਗ ਗਿਆ ਸੀ । ਉਹ, ਮੈਂ ਸੋਚਦਾ ਹਾਂ ਕਿ ਪਹਿਲੀ ਚੀਜ ਜੋ ਡਿਗਦੀ ਹੈ, ਉਹ ਨੱਕ ਹੈ । ਅਤੇ ਉਹ ਪਹਿਲਾਂ ਹੀ ਸੜ੍ਹ ਗਿਆ ਸੀ । ਉਸਦਾ–ਉਸਦਾ ਮਾਸ ਮੁੜ੍ਹ ਧਰਤੀ ਦੀ ਧੂੜ੍ਹ ਵਿੱਚ ਮਿਲ ਗਿਆ ਸੀ ਜਾਂ ਜਾ ਰਿਹਾ ਸੀ । ਉਸਦੀ ਆਤਮਾ ਚਾਰ ਦਿਨ ਦੀ ਯਾਤਰਾ ਕਰ ਚੁੱਕੀ ਸੀ ਅਤੇ ਉਸ ਤੋਂ ਕਿਤੇ ਦੂਰ ਜਾ ਚੁਕੀ ਸੀ ।

39 ਇਸ ਜੀਵਨ ਵਿੱਚ ਉਸ ਨੂੰ ਦੁਬਾਰਾ ਵੇਖਣ ਦੀਆਂ ਸਭ ਉਮੀਦਾਂ ਖਤਮ ਹੋ ਗਈਆਂ ਸਨ । ਅਤੇ ਫਿਰ ਜਦੋਂ ਸਾਰੀਆਂ ਉਮੀਦਾਂ ਜਾ ਚੁਕੀਆਂ...ਉਨ੍ਹਾਂ ਨੇ ਉਡੀਕ ਕੀਤੀ ਸੀ, "ਸ਼ਾਇਦ ਉਹ ਪਹਿਲੇ ਦਿਨ ਆ ਜਾਵੇ ਜਾਂ ਦੂਸਰੇ ਦਿਨ!" ਨਹੀਂ । ਤੱਦ ਉਹ ਮਰ ਗਿਆ ਅਤੇ ਉਹ ਨਹੀਂ ਆਇਆ । ਤੱਦ ਨਿਰਾਸ਼ਾ ਛਾ ਗਈ ।

40 ਕੁਝ ਚਿਰ ਮਗਰੋਂ ਉਥੇ ਕਿਸੇ ਨੇ ਉਸ ਨੂੰ ਜਰੂਰ ਦੱਸਿਆ ਹੋਵੇਗਾ, "ਗੁਰੂ ਬਾਹਰ ਹੈ" । ਮਾਰਥਾ ਛੇਤੀ ਨਾਲ ਗਲੀ ਵਿੱਚ ਜਾਂਦੀ ਹੈ!

41 ਯਿਸੂ ਉਸ ਹਨੇਰੀ ਘੜੀ ਵਿੱਚ ਆਇਆ ਜੱਦ ਹਰੇਕ ਉਮੀਦ ਜਾ ਚੁਕੀ ਸੀ । ਆਮ ਤੌਰ ਤੇ ਉਹ ਉਦੋਂ ਹੀ ਆਉਂਦਾ ਹੈ । ਸਮਝੇ? ਉਹ ਬੱਸ ਸਭ ਤੋਂ ਹਨੇਰੀ ਘੜੀ ਵਿੱਚ ਆਉਂਦਾ ਹੈ, ਤੱਦ ਯਿਸੂ ਦਰਿਸ਼ ਉੱਤੇ ਪ੍ਰਗਟ ਹੁੰਦਾ ਹੈ ।

42 ਹੁਣ ਵੇਖੋ, ਉਹ ਆਇਆ ਅਤੇ ਮਾਰਥਾ ਨੂੰ ਬੁਲਾਇਆ । ਉਸਦੀ ਹਜੂਰੀ ਨਵੀਂਆਂ ਉਮੀਦਾਂ ਨੂੰ ਲੈ ਆਈ । ਕੋਈ ਫਰਕ ਨਹੀਂ ਪੈਂਦਾ ਜੇ ਉਹ ਲੜਕਾ ਮਰ ਗਿਆ ਸੀ, ਫਿਰ ਵੀ ਉਸਦੀ ਹਜੂਰੀ ਨਵੀਂ ਉਮੀਦ ਨੂੰ ਲੈ ਆਈ ਸੀ ।

43 ਤੁਸੀਂ ਸ਼ਾਇਦ ਅੱਜ ਰਾਤ ਇਥੇ ਬੈਠੇ ਹੋ, ਮੇਰੇ ਦੋਸਤ, ਜਿਥੇ ਡਾਕਟਰ ਨੇ ਤੁਹਾਡੇ ਕੈਂਸਰ, ਦਿਲ ਦੀ ਬਿਮਾਰੀ ਤੋਂ ਹਾਰ ਮਨ ਲਈ ਹੈ । ਸ਼ਾਇਦ ਇੱਕ ਕੁਰਸੀ ਤੇ ਹੋ, ਅਪਾਹਜ, ਵਿਗਿਆਨ ਨੇ ਇਹੀ ਸਭ ਕਿਹਾ ਹੈ ਕਿ ਤੁਹਾਡੇ ਲਈ ਕੋਈ ਉਮੀਦ ਨਹੀਂ ਹੈ; ਕੈਲਸ਼ਿਅਮ ਦੇ ਜਮਾਉ ਨੇ ਤੁਹਾਡੀਆਂ ਹੱਡੀਆਂ ਨੂੰ ਗੰਢ ਦਿੱਤਾ ਹੈ, ਇਸ ਲਈ ਤੁਸੀਂ ਹੋਰ ਜਿਆਦਾ ਉਨ੍ਹਾਂ ਨੂੰ ਮੋੜ ਨਹੀਂ ਸਕਦੇ । ਜਾਂ ਤੁਹਾਡਾ—ਤੁਹਾਡਾ ਦਿਲ ਬਹੁਤ ਹੀ ਖਰਾਬ ਹੈ, ਡਾਕਟਰ ਕਹਿੰਦਾ ਹੈ ਕਿ ਤੁਸੀਂ ਕਿਸੇ ਵੀ ਮਿੰਟ ਮਰ ਸਕਦੇ ਹੋ । ਔਹ, ਵੱਡੀ ਗਿਣਤੀ ਵਿੱਚ ਕੈਂਸਰ ਅਤੇ ਟੀਬੀ ਗ੍ਰਸਤ ਲੋਕ, ਸ਼ਾਇਦ ਤੁਹਾਡੇ ਕੋਲ ਆਖਰੀ ਉਮੀਦ ਬੱਚੀ ਹੈ ਅਤੇ ਇੰਝ ਲਗਦਾ ਹੈ ਕਿ ਡਾਕਟਰ ਨੇ ਤੁਹਾਨੂੰ ਨਿਰਾਸ਼ ਕਰ ਦਿੱਤਾ ਹੈ । ਫਿਰ ਵੀ, ਯਿਸੂ ਮਸੀਹ ਦੀ ਹਜੂਰੀ ਵਿੱਚ ਹੋਣਾ ਅਤੇ ਉਸਦੀ ਹਜੂਰੀ ਨੂੰ ਪਛਾਣਨਾ, ਦੁਬਾਰਾ ਉਮੀਦ ਲੈ ਆਉਂਦਾ ਹੈ ।

44 ਕੋਈ ਵੀ ਤੁਹਾਨੂੰ ਉਸ ਤਰਾਂ ਦਾ ਨਾਮ ਦੱਸ ਸਕਦਾ ਹੈ । ਸ਼ਾਇਦ ਤੁਸੀਂ ਪਹਿਲਾਂ ਕਦੇ ਇਸ ਬਾਰੇ ਨਹੀਂ ਸੁਣਿਆ ਪਰ ਕੋਈ ਕਹਿੰਦਾ ਹੈ, “ਮੈਂ ਜਾਣਦਾ ਹਾਂ ਇਥੇ ਇੱਕ ਕਲੀਸਿਯਾ ਹੈ, ਉਹ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਬਿਮਾਰਾਂ ਲਈ ਪ੍ਰਾਰਥਨਾ ਕਰਦੇ ਹਨ”, ਛੇਤੀ ਨਾਲ (ਹੁਣ ਤੁਸੀਂ ਮਰਨ ਵਾਲੇ ਹੋ, ਸਮਝੇ?) ਨਵੀਂ ਉਮੀਦਾਂ ਖਿੜਣ ਲਗਦੀਆਂ ਹਨ । ਹਮੇਸ਼ਾ ਇਸ ਤਰਾਂ ਹੁੰਦਾ ਹੈ । ਹਨੇਰੀ ਘੜੀ ਵਿੱਚ, ਆਮ ਤੌਰ ਤੇ ਉਸ ਵੇਲੇ ਜਦੋਂ ਕੋਈ ਉਸ ਬਾਰੇ ਕੁਝ ਕਹਿੰਦਾ ਹੈ, ਤੁਹਾਨੂੰ ਯਿਸੂ ਬਾਰੇ ਦੱਸਦਾ ਹੈ । ਉਸ ਦੀ ਹਜੂਰੀ ਨਵੀਂ ਉਮੀਦ ਨੂੰ ਲੈ ਆਈ ।

45 ਕਾਸ਼ ਅੱਜ ਰਾਤ ਵੀ ਇਹ ਉਸੇ ਤਰਾਂ ਕਰੇ, ਜਿਵੇਂ ਇਸ ਨੇ ਬੀਤੀ ਰਾਤ ਕੀਤਾ ਸੀ. ਜਦੋਂ ਅਸੀਂ ਉਸ ਪ੍ਰਮਾਣਿਤ ਵਚਨ ਨੂੰ ਬਿਨਾਂ ਕਿਸੇ ਸ਼ੱਕ ਦੀ ਸਾਏ ਨਾਲ ਵੇਖਦੇ ਹਾਂ, ਜਿਸ ਨੂੰ ਪ੍ਰਗਟ ਕੀਤਾ ਗਿਆ ਹੈ ਅਤੇ ਸਿੱਧ ਕੀਤਾ ਗਿਆ ਕਿ *ਉਹ* ਯਿਸੂ ਜੋ ਉੱਨੀ ਸੋ ਸਾਲ ਪਹਿਲਾਂ ਜਿਉਂਦਾ ਸੀ, ਜੋ ਕਲਵਰੀ ਉੱਤੇ ਮਰ ਗਿਆ, ਤੀਸਰੇ ਦਿਨ ਜੀ ਉੱਠਿਆ ਅਤੇ ਉਨ੍ਹਾਂ ਚੇਲਿਆਂ ਨੂੰ ਦਰਸ਼ਨ ਦਿੱਤਾ ਅਤ ਉਨ੍ਹਾਂ ਦੀਆਂ ਅੱਖਾਂ ਨੂੰ ਖੋਲਿਆ ਅਤੇ ਇਸ ਦਿਨ ਦੇ ਲਈ ਵਾਅਦਾ ਕੀਤਾ, ਉਹ ਅੱਜ ਰਾਤ ਇਥੇ ਹੈ, ਉਹ ਲੋਕਾਂ ਲਈ ਉਮੀਦ ਲਿਆਉਣ ਲਈ ਬਾਧਿਤ ਹੈ । ਨਵੀਂਆਂ ਉਮੀਦਾਂ ਖਿੜਦੀਆਂ ਹਨ ।

46 ਸ਼ਾਇਦ ਕਿਸੇ ਨੇ ਕਿਹਾ, “ਕਲੀਸਿਯਾ ਕੁਝ ਚਿਰ ਤੋਂ ਸੁੱਕ ਗਈ ਹੈ । ਸਾਨੂੰ ਕੁਝ ਮਹੀਨਿਆਂ ਤੋਂ ਤਾਜਾ ਜਲ ਨਹੀਂ ਮਿਲਿਆ । ਸਾਡੇ ਕੋਲ ਬੇਦਾਰੀ ਨਹੀਂ ਹੈ । ਹਰ ਕੋਈ ਰੁੱਕਿਆ ਹੋਇਆ ਦਿੱਸ ਰਿਹਾ ਹੈ ਜਾਂ ਕੁਝ ਹੋਰ । ਅਸੀਂ ਬੱਸ ਗਿਰਜੇ ਜਾਂਦੇ ਹਾਂ ਅਤੇ ਇੱਕ ਭਜਣ ਗਾਉਂਦੇ ਹਾਂ, ਅਤੇ—ਅਤੇ ਥੋੜਾ ਜਿਹੇ ਸੰਦੇਸ਼ ਸੁਣਦੇ ਹਾਂ ਅਤੇ ਵਾਪਸ ਚਲੇ ਜਾਂਦੇ ਹਾਂ” । ਪਰ ਅਚਾਨਕ ਹੀ, ਤੱਦ ਜਦ ਅਸੀਂ ਗੰਦੇ ਹੋਣਾ ਸ਼ੁਰੂ ਕਰਦੇ ਹਾਂ, ਤੱਦ ਯਿਸੂ ਦ੍ਰਿਸ਼ ਤੇ ਆਉਂਦਾ ਹੈ, ਸਾਨੂੰ ਤਰੋਤਾਜ਼ਾ ਕਰਦਾ ਹੈ, ਸਾਡੇ ਕੋਲ ਕੁਝ ਨਵਾਂ ਲੈ ਕੇ ਆਉਂਦਾ ਹੈ । ਉਹ ਇੰਝ

ਕਰਨ ਲਈ ਹਮੇਸ਼ਾ ਉਥੇ ਹੈ । ਨਵੀਂਆਂ ਉਮੀਦਾਂ ਆਉਂਦੀਆਂ ਹਨ ਜੱਦ—ਜੱਦ ਯਿਸੂ ਅੰਦਰ ਆਉਂਦਾ ਹੈ । ਉਸਦੀ ਹਜ਼ੂਰੀ ਨਵੀਂ ਆਸ਼ਾ ਨੂੰ ਲੈ ਕੇ ਆਉਂਦੀ ਹੈ ।

47 ਉਹ ਜਾਣਦੀ ਸੀ ਕਿ ਉਹ ਪਰਮੇਸ਼ੁਰ ਦਾ ਪ੍ਰਗਟ ਕੀਤਾ ਹੋਇਆ ਵਚਨ ਹੈ । ਉਸ ਨੇ ਉਸ ਯੁੱਗ ਨੂੰ ਵੇਖਿਆ ਸੀ । ਜਾਂ, ਜੇ ਉਸ ਨੇ ਨਹੀਂ ਵੇਖਿਆ ਹੁੰਦਾ ਤਾਂ ਉਹ ਅਜੇ ਵੀ ਕੱਟੜਪੰਥੀ ਹੁੰਦੀ । ਉਹ ਅਜੇ ਵੀ ਕਲੀਸਿਯਾ ਨਾਲ ਜੁੜੀ ਹੋਈ ਹੁੰਦੀ । ਪਰ ਉਸਨੇ ਵਾਅਦਾ ਕੀਤੇ ਹੋਏ ਵਚਨ ਨੂੰ ਵੇਖ ਲਿਆ ਸੀ । ਉਸਨੇ ਉਸਦੇ ਦੁਆਰਾ ਵਾਅਦਾ ਕੀਤੇ ਹੋਏ ਵਚਨ ਨੂੰ ਪ੍ਰਗਟ ਹੁੰਦੇ ਹੋਏ ਵੇਖਿਆ ਸੀ ਅਤੇ ਉਹ ਜਾਣਦੀ ਸੀ ਕਿ ਉਹ ਜਿਉਂਦਾ ਪਰਮੇਸ਼ੁਰ ਹੈ । ਅਤੇ ਜੱਦ ਉਸਨੇ ਇਹਦੇ ਬਾਰੇ ਸੁਣਿਆ, ਉਸ ਨੇ ਇਸ ਦੀ ਪਰਵਾਹ ਨਹੀਂ ਕੀਤੀ ਕਿ ਕਿੰਨੇ ਉਸਦੀ ਨਿੰਦਾ ਕਰ ਰਹੇ ਸਨ, ਹੋਰ ਕੀ, ਉਹ ਜਿੰਨੇ ਜੋਰ ਨਾਲ ਜਾ ਸਕਦੀ ਸੀ ਉਹ ਉੰਨੇ ਨਾਲ ਉਸ ਦੇ ਲਈ ਬਾਹਰ ਗਈ । ਸਮਝੇ? ਉਹ ਜਾਣਦੀ ਸੀ ਕਿ ਉਹ ਉਹੀ ਪ੍ਰਗਟ ਕੀਤਾ ਹੋਇਆ ਵਚਨ ਹੈ ।

48 ਕੋਈ ਸ਼ਕ ਨਹੀਂ ਪਰ ਉਸਨੇ ਏਲਿਯਾਹ ਦੇ ਦਿਨਾਂ ਦੀ ਕਹਾਣੀ ਪੜ੍ਹੀ ਹੋਈ ਸੀ । ਹੁਣ, ਉਹ ਉਨ੍ਹਾਂ ਦਿਨਾਂ ਵਿੱਚ ਪਰਮੇਸ਼ੁਰ ਦਾ ਪ੍ਰਗਟ ਕੀਤਾ ਹੋਇਆ ਵਚਨ ਸੀ । ਉਹ ਇੱਕ ਨਬੀ ਸੀ, ਅਤੇ ਪਰਮੇਸ਼ੁਰ ਦਾ ਵਚਨ ਨਬੀ ਕੋਲ ਆਉਂਦਾ ਹੈ । ਅਤੇ ਉਥੇ ਇੱਕ ਔਰਤ ਸੀ, ਜਿਸ ਦੇ ਕੋਲ ਇੱਕ ਛੋਟਾ ਬਾਲਕ ਸੀ ਜੋ ਉਸ ਨੂੰ ਨਬੀ ਦੀ ਆਸ਼ੀਸ ਦੁਆਰਾ ਦਿੱਤਾ ਗਿਆ ਸੀ, ਅਤੇ ਉਸ ਕੋਲ ਬਾਲਕ ਸੀ ।

49 ਇੱਕ ਦਿਨ ਲਗਭਗ ਗਿਆਰਾਂ ਵਜੇ, ਜਰੂਰ ਉਸ ਨੂੰ ਲੂ ਲਗੀ ਹੋਵੇਗੀ । ਉਹ ਆਪਣੇ ਪਿਤਾ ਨਾਲ ਬਾਹਰ ਖੇਤਾਂ ਵਿੱਚ ਸੀ, ਬਾਈਬਲ ਇੰਝ ਨਹੀਂ ਕਹਿੰਦੀ ਕਿ ਉਸ ਨੂੰ ਲੂ ਲਗੀ ਪਰ ਉਸ ਨੇ ਇਹ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਮੇਰਾ ਸਿਰ! ਮੇਰਾ ਸਿਰ!" ਦਿਨ ਦੇ ਲਗਭਗ ਗਿਆਰਾਂ ਵਜੇ । ਅਤੇ ਉਸਦੇ ਪਿਤਾ ਕੋਲ ਸੀ ਇੱਕ ਨੌਕਰ ਸੀ, ਤਾਂ ਕਿ ਉਸ ਨੂੰ ਘਰ ਲੈ ਜਾ ਸਕੇ । ਉਹ ਕਰੀਬ ਦੁਪਿਹਰ ਤੱਕ ਆਪਣੀ ਮਾਂ ਦੀ ਗੋਦ ਵਿੱਚ ਪਿਆ ਰਿਹਾ, ਬੀਮਾਰ ਤੋਂ ਬੀਮਾਰ ਹੁੰਦਾ ਗਿਆ ਅਤੇ ਅੰਤ ਵਿੱਚ ਮਰ ਗਿਆ ।

50 ਅਤੇ ਹੁਣ, ਨਿਰਾਸ਼ਾ ਵਿੱਚ ਜਾਣ ਦੀ ਬਜਾਏ…ਸਾਰੇ ਗਵਾਂਢੀ ਚਿਲਾਉਂਦੇ ਹੋਏ ਆ ਜਾ ਰਹੇ ਸਨ, ਪਰ ਉਹ ਅਡੋਲ ਮਾਂ, ਉਸਦਾ ਬਾਲਕ ਮਰ ਗਿਆ ਸੀ, ਉਹ ਉਸ ਨੂੰ ਉੱਪਰ ਉਸ ਛੋਟੇ ਕਮਰੇ ਵਿੱਚ ਲੈ ਗਈ ਜੋ ਉਹਨੇ ਨਬੀ ਦੇ ਲਈ ਬਣਾਇਆ ਸੀ ਅਤੇ ਉਸ ਨੂੰ ਉਸਦੇ ਮੰਜੇ ਉੱਤੇ *ਉਸੇ* ਤਰਾਂ ਲਿਟਾ ਦਿੱਤਾ । ਅਤੇ ਉਸ ਨੇ ਨੌਕਰ ਨੂੰ ਕਿਹਾ, "ਮੇਰੇ ਲਈ ਇੱਕ ਖੱਚਰ ਤਿਆਰ ਕਰ ਅਤੇ ਹੱਕ ਲੈ ਅਤੇ ਸਿੱਧਾ ਅੱਗੇ ਵੱਧ ਅਤੇ ਤੱਦ ਤੱਕ ਨਾ ਰੁਕੀ ਜੱਦ ਤਕ ਮੈਂ ਨਾ ਆਖਾਂ" । ਔਹ, ਮੇਰੇ ਪਰਮੇਸ਼ੁਰ! ਇਹੀ ਹੈ!

51 ਸਾਡੇ ਕੋਲ ਬਹਿਸ ਅਤੇ ਬੇਲੋੜਾ ਘਬਰਾਉਣ ਦਾ ਸਮਾਂ ਨਹੀਂ ਹੈ । ਇਹ ਉਸ ਦਿਨ ਦਾ ਅਤੀਤ ਹੈ । ਆਓ ਅਸੀਂ ਅੱਗੇ ਵਧੀਏ । ਸਾਨੂੰ ਉਥੇ ਜਾਣਾ ਹੈ । ਸਾਡੀ ਇੱਕ ਲੋੜ ਹੈ ।

52 ਅਤੇ ਇਸ ਲਈ ਉਸਨੇ ਕਿਹਾ, "ਤੂੰ ਅੱਗੇ ਵੱਧ ਅਤੇ ਸਵਾਰੀ ਹੱਕਣ ਵਿੱਚ ਢਿੱਲ ਨਾ ਪਾਈਂ ਜੱਦ ਤੱਕ ਮੈਂ ਤੈਨੂੰ ਹੁਕਮ ਨਾ ਦਵਾਂ" । ਅਤੇ ਉਹ ਤਦ ਤੱਕ ਜਾਂਦੇ ਰਹੇ ਜੱਦ ਤੱਕ ਉਹ ਏਲਿਯਾਹ ਕੋਲ ਨਾ ਪਹੁੰਚੇ ।

53 ਏਲਿਯਾਹ, ਇੱਕ ਪਰਮੇਸ਼ੁਰ ਦਾ ਮਨੁੱਖ ਹੁੰਦੇ ਹੋਏ, ਮਸੀਹ ਵਾਂਗ ਨਹੀਂ; ਮਸੀਹ ਸਭ ਚੀਜਾਂ ਨੂੰ ਜਾਣਦਾ ਸੀ, ਕਿਓਂਕਿ ਉਹ ਪਰਮੇਸ਼ੁਰ ਸੀ । ਏਲਿਯਾਹ ਪਰਮੇਸ਼ੁਰ ਦਾ ਇੱਕ ਹਿੱਸਾ

ਸੀ । ਉਹ ਮਸੀਹ ਸੀ ਜੋ ਏਲੀਯਾਹ ਵਿੱਚ ਸੀ । ਅਤੇ ਉਹ ਉਸ ਘੜੀ ਦਾ ਸੰਦੇਸ਼ ਸੀ, ਕਿਓਂਕਿ ਉਸ ਘੜੀ ਲਈ ਪਰਮੇਸ਼ੁਰ ਦਾ ਵਚਨ ਉਹ ਨਬੀ ਸੀ ।

54 ਯਿਸੂ ਉਨ੍ਹਾਂ ਸਾਰੇ ਨਬੀਆਂ ਦੀ ਭਰਪੂਰੀ ਸੀ, ਉਨ੍ਹਾਂ ਵਿਚੋਂ ਹਰੇਕ ਨੂੰ ਸਿਰਫ ਉਸ ਨੂੰ ਪ੍ਰਗਟ ਕੀਤਾ । ਇਹ ਸਭ ਸੀ । ਯੂਸਫ ਤੋਂ ਲੈ ਕੇ, ਚਾਂਦੀ ਦੇ ਤੀਹ ਸਿੱਕਿਆਂ ਤੋਂ ਲੈ ਕੇ, ਹਰੇਕ ਜਗ੍ਹਾ, ਉਸ ਨੇ–ਉਸ ਨੇ ਮਸੀਹ ਨੂੰ ਚਿਤਰਿਤ ਕੀਤਾ । ਇਸੇ ਤਰਾਂ ਮੂਸਾ ਨੇ ਕੀਤਾ!

55 ਦਾਊਦ, ਇੱਕ ਰੱਦਿਆ ਹੋਇਆ ਰਾਜਾ ਪਹਾੜ ਉੱਤੇ ਬੈਠਾ ਹੋਇਆ ਸੀ, ਰੋ ਰਿਹਾ ਸੀ ਕਿਓਂਕਿ ਉਸ ਨੂੰ ਰੱਦ ਦਿੱਤਾ ਗਿਆ ਸੀ । ਉਸ ਤੋਂ ਅੱਠ ਸੋ ਸਾਲਾਂ ਬਾਅਦ, ਦਾਊਦ ਦਾ ਪੁੱਤ੍ਰ ਇੱਕ ਪਹਾੜ ਉੱਤੇ ਬੈਠਾ ਸੀ । ਉਸ ਜਗ੍ਹਾ ਤੇ ਦਾਊਦ ਵਿੱਚ ਪਰਮੇਸ਼ੁਰ ਦਾ ਆਤਮਾ ਸੀ । ਅਤੇ ਉਸਨੇ…ਮੇਰੇ ਪਰਮੇਸ਼ੁਰ! ਉਹ ਦਾਊਦ ਦੀ ਜੜ੍ਹ ਅਤੇ ਅੰਸ ਦੋਹੇਂ ਚੀਜਾਂ ਸੀ । ਅਤੇ ਇਸ ਲਈ ਉਹ ਪਹਾੜ ਉੱਤੇ ਬੈਠਾ ਹੋਇਆ ਸੀ, ਰੋ ਰਿਹਾ ਸੀ, ਇੱਕ ਰੱਦੇ ਹੋਏ ਰਾਜੇ ਵਾਂਗ, "ਯਰੂਸ਼ਲਮ, ਯਰੂਸ਼ਲਮ, ਮੈਂ ਕਿੰਨੀ ਚਾਹਿਆ ਕਿ ਤੈਨੂੰ ਆਪਣੇ ਖੰਬਾਂ ਹੇਠ ਲੁਕਾਵਾਂ ਜਿਵੇਂ ਮੁਰਗੀ ਆਪਣੇ ਬੱਚਿਆਂ ਨੂੰ ਆਪਣੇ ਖੰਬਾ ਹੇਠ ਲੁਕਾਂਦੀ ਹੈ" । ਇਹ ਕੀ ਸੀ? ਉਥੇ ਉਸ ਸਮੇਂ ਮਸੀਹ ਹੀ ਸੀ ।

56 ਇਹ ਮਸੀਹ ਸੀ ਜੋ ਰੋ ਰਿਹਾ ਸੀ ਜੱਦ ਦਾਊਦ ਨੇ ਇਹ ਜਬੂਰ ਲਿਖਿਆ, "ਮੇਰੇ ਪਰਮੇਸ਼ੁਰ, ਤੂੰ ਮੈਨੂੰ ਕਿਓਂ ਤਿਆਗ ਦਿੱਤਾ ਹੈ? ਮੇਰੀਆਂ ਸਾਰੀਆਂ ਹੱਡੀਆਂ ਨੂੰ ਮੈਂ ਗਿਣ ਸਕਦਾ ਹਾਂ, ਉਹ ਮੈਨੂੰ ਘੂਰ ਘੂਰ ਵੇਖਦੇ ਹਨ । ਉਨ੍ਹਾਂ ਮੇਰੇ ਹੱਥ ਪੈਰ ਵਿਨ੍ਹ ਦਿੱਤੇ ਹਨ । ਉਹ ਮੇਰੇ ਕਪੜੇ ਆਪਸ ਵਿੱਚ ਵੰਡ ਲੈਂਦੇ ਹਨ, ਅਤੇ ਮੇਰੇ ਲਿਬਾਸ ਉੱਤੇ ਗੁਣਾ ਪਾਉਂਦੇ ਹਨ" । ਉਹ ਮਸੀਹ ਸੀ ਜੋ ਦਾਊਦ ਵਿੱਚ ਬੋਲ ਰਿਹਾ ਸੀ । ਇਹ ਠੀਕ ਹੈ । ਉਹ ਵਚਨ ਦਾ ਪਰਗਟਾਵਾ ਸੀ । ਜੋ ਗਲਾਂ ਨਬੀਆਂ ਦੁਆਰਾ ਬੋਲੀਆਂ ਗਈਆਂ ਸਨ, ਮਸੀਹ ਉਨ੍ਹਾਂ ਨੂੰ ਪੂਰਾ ਕਰਨ ਲਈ ਆਇਆ ਕਿਓਂਕਿ ਵਚਨ ਨਬੀਆਂ ਦੇ ਨਾਲ ਸੀ ।

57 ਉਸਨੇ ਬੀਤੀ ਰਾਤ ਕਿਹਾ ਸੀ ਕਿ ਉਹ ਉਸ ਨੂੰ ਪੂਰਾ ਕਰਨ ਨੂੰ ਆਇਆ ਹੈ ਜੋ ਨਬੀਆਂ ਨੇ ਉਹਦੇ ਬਾਰੇ ਕਿਹਾ ਸੀ, ਕਿਓਂਕਿ ਉਨ੍ਹਾਂ ਕੋਲ ਵਚਨ ਸੀ । ਅਤੇ ਏਲੀਯਾਹ ਪਰਮੇਸ਼ੁਰ ਦਾ ਨਬੀ ਸੀ, ਉਸ ਦਿਨ ਦਾ ਵਚਨ ਸੀ ।

58 ਇਸ ਲਈ ਸ਼ੂਨੰਮੀ ਔਰਤ ਉਸ ਨਬੀ ਦੇ ਨਾਲ ਰਹੀ ਜੱਦ ਤੱਕ ਉਹ ਨਹੀਂ ਆਇਆ ਅਤੇ ਪਰਮੇਸ਼ੁਰ ਦੀ ਸਮਰੱਥਾ ਨੂੰ ਪ੍ਰਗਟ ਨਹੀਂ ਕੀਤਾ ਅਤੇ ਆਪਣੇ ਆਪ ਨੂੰ ਉਸ ਬਾਲਕ ਉੱਤੇ ਲਿਟਾ ਦਿੱਤਾ ਅਤੇ ਬਾਲਕ ਜਿਉਂਦਾ ਹੋ ਗਿਆ ।

59 ਹੁਣ ਮਾਰਥਾ ਨੇ ਜਰੂਰ ਇਸ ਨੂੰ ਪਛਾਣ ਲਿਆ ਹੋਵੇਗਾ, ਭਾਵੇਂ ਉਹ ਘਰ ਦੇ ਕੰਮਾਂ ਦੀ ਚਿੰਤਾ ਵਿੱਚ, ਭਾਂਡੇ ਸਾਫ਼ ਕਰਨ ਵਿੱਚ ਅਤੇ ਇਸ ਤਰਾਂ ਦੇ ਕੰਮਾਂ ਵਿੱਚ ਰੁੱਝੀ ਰਹਿੰਦੀ ਸੀ । ਪਰ ਉਥੇ ਉਸਨੇ ਆਪਣੇ ਰੰਗ ਨੂੰ ਵਿਖਾਇਆ । ਉਸ ਨੇ ਵਿਖਾਇਆ ਕਿ ਅਸਲ ਵਿੱਚ ਉਸਦੇ ਅੰਦਰ ਕੀ ਸੀ । ਉਹ ਉਸ ਨੂੰ ਮਿਲਣ ਲਈ ਉਸੇ ਵੇਲੇ ਚਲੀ ਗਈ । ਜੇ ਪਰਮੇਸ਼ੁਰ ਏਲੀਯਾਹ ਵਿੱਚ ਸੀ ਤਾਂ ਪਰਮੇਸ਼ੁਰ ਨੂੰ ਮਸੀਹ ਵਿੱਚ ਵੀ ਹੋਣਾ ਚਾਹੀਦਾ ਸੀ, ਕਿਓਂਕਿ ਉਸ ਨੇ ਪ੍ਰਮਾਣਿਤ ਕੀਤਾ ਸੀ ਕਿ ਉਹ ਉਹੀ ਵਿਅਕਤੀ ਸੀ । ਆਮੀਨ । ਮੈਂ ਇਹ ਪਸੰਦ ਕਰਦਾ ਹਾਂ, ਉਹ ਦਰਿੜ੍ਹਤਾ! ਉਹ ਉਸ ਕੋਲ ਜਾਂਦੀ ਹੈ । ਉਸ ਨੂੰ ਉਸ ਕੋਲ ਜਾਣਾ ਹੀ ਹੈ । ਅਤੇ ਉਥੇ ਉਸ ਨੂੰ ਪਤਾ ਲਗਦਾ ਹੈ ਜਿਵੇਂ ਉਹ ਉਸ ਕੋਲ ਜਾਂਦੀ ਹੈ; ਹੁਣ ਯਾਦ ਰੱਖਣਾ, ਉਹ ਜਾਣਦੀ ਸੀ ਕਿ ਉਹ ਕਦੇ ਨਹੀਂ ਬਦਲਿਆ ਸੀ, ਇਹ ਵੀ ਕਿ ਪਰਮੇਸ਼ੁਰ ਕਦੇ ਆਪਣੀ ਯੋਜਨਾ ਨੂੰ ਨਹੀਂ

ਬਦਲਦਾ ਹੈ । ਜੇ ਉਹ ਏਲੀਯਾਹ ਵਿੱਚ ਸੀ ਅਤੇ ਮੁਰਦਿਆਂ ਨੂੰ ਜੁਆਲ ਸਕਦਾ ਸੀ ਤਾਂ ਉਹ ਮਸੀਹ ਵਿੱਚ ਸੀ ਅਤੇ ਮੁਰਦਿਆਂ ਨੂੰ ਜੁਆਲ ਸਕਦਾ ਸੀ, ਭਾਵੇਂ ਉਸ ਨੇ ਇਹ ਨਹੀਂ ਕੀਤਾ ਸੀ ਕਿਉਂਕਿ ਉਹ ਉਹੀ ਪਰਮੇਸ਼ੁਰ ਹੈ ।

60 ਉਹ ਹੁਣ ਵੀ ਨਹੀਂ ਬਦਲਿਆ ਹੈ! ਅੱਜ ਰਾਤ ਵੀ ਉਹ ਉਨਾ ਹੀ ਪਰਮੇਸ਼ੁਰ ਹੈ ਜਿਨਾਂ ਉਹ ਪਹਿਲਾਂ ਕਦੇ ਸੀ । ਉਹ ਕਲ੍ਹ ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ । ਉਹ ਬਦਲਦਾ ਨਹੀਂ ।

61 ਅਤੇ ਉਹ ਜਾਣਦਾ ਸੀ ਕਿ ਉਹ ਜਾਣਦੀ ਹੈ ਕਿ ਉਹ ਉਸਦੇ ਵਿੱਚ ਸੀ । ਵੇਖੋ, ਬੱਸ ਕੁਝ ਮਿਨਟਾਂ ਵਿੱਚ ਇਸ ਨੇ ਇਹ ਸਾਬਤ ਕਰ ਦਿੱਤਾ, ਜਦੋਂ ਉਸਨੇ ਆਪਣੇ ਭਰਾ ਬਾਰੇ ਉਸ ਨੂੰ ਕੁਝ ਕਿਹਾ ਅਤੇ ਉਸਨੇ ਕਿਹਾ, “ਪ੍ਰਭੂ, ਮੈਂ—ਮੈਂ ਵਿਸ਼ਵਾਸ ਕਰਦੀ ਹਾਂ ਕਿ ਤੂੰ ਹੈਂ” ।

62 ਅਤੇ ਉਸਨੇ ਕਿਹਾ, “ਕਿਆਮਤ ਅਤੇ ਜੀਵਨ ਮੈਂ ਹਾਂ । ਭਾਵੇਂ ਉਹ ਮਰ ਗਿਆ ਸੀ, ਪਰ ਫਿਰ ਵੀ ਉਹ ਜੀਵੇਗਾ । ਅਤੇ ਹਰ ਕੋਈ ਜਿਹੜਾ ਜਿਉਂਦਾ ਹੈ ਅਤੇ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਕਦੇ ਨਾ ਮਰੇਗਾ । ਮੈਂ ਹਾਂ” । ਇਹ ਉਹੀ ਮੈਂ ਹਾਂ ਸੀ ਜਿਹੜਾ ਮੂਸਾ ਦੇ ਸਾਹਮਣੇ ਝਾੜੀ ਵਿੱਚ ਬਲ੍ਹ ਰਿਹਾ ਸੀ । “ਮੈਂ ਕਿਆਮਤ ਹਾਂ । ਮੈਂ ਜੀਵਨ ਹਾਂ । ਮੈਂ ਕੰਧ ਸੀ । ਮੈਂ ਅਜੇ ਵੀ ਉਹੀ ਹਾਂ । ਕਿਆਮਤ ਅਤੇ ਜੀਵਨ ਮੈਂ ਹਾਂ । ਉਹ ਜਿਹੜਾ ਮੇਰੇ ਤੇ ਨਿਹਚਾ ਕਰਦਾ ਹੈ, ਭਾਵੇਂ ਉਹ ਮਰ ਵੀ ਜਾਵੇ ਤਾਂ ਵੀ ਜੀਵੇਗਾ । ਜੋ ਕੋਈ ਵੀ ਜਿਉਂਦਾ ਹੈ ਅਤੇ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਕਦੇ ਨਾ ਮਰੇਗਾ” । ਇਹ ਮਹਾਨ ਭਰੋਸਾ ਮਿਲਣ ਤੋਂ ਬਾਦ ਉਹ, ਉਹ ਵਾਅਦਾ ਕੀਤਾ ਹੋਇਆ ਵਚਨ ਸੀ; ਜੱਦ ਇੱਕ ਨਬੀ ਹੁੰਦੇ ਹੋਏ ਉਸਨੇ ਇਹ ਕਿਹਾ, ਉਹ ਝੂਠ ਨਹੀਂ ਬੋਲ ਸਕਦਾ ਸੀ; ਇਸ ਲਈ ਉਹ, ਜੱਦ ਉਸਨੇ ਕਿਹਾ, “ਮੈਂ ਹਾਂ ਸੋ ਹਾਂ । ਕਿਆਮਤ ਅਤੇ ਜੀਵਨ ਮੈਂ ਹੀ ਹਾਂ” ।

63 ਉਸਨੇ ਕਿਹਾ, “ਮੈਂ ਵਿਸ਼ਵਾਸ ਕਰਦੀ ਹਾਂ ਕਿ ਤੂੰ ਹੀ ਇੱਕ ਹੈਂ, ਪਰਮੇਸ਼ੁਰ ਦਾ ਪੁੱਤ੍ਰ ਜਿਹੜਾ ਜਗਤ ਵਿੱਚ ਆਉਣ ਵਾਲਾ ਸੀ । ਭਾਵੇਂ ਮੇਰਾ ਭਰਾ ਮਰ ਗਿਆ ਹੈ, ਉਥੇ ਕਬਰ ਵਿੱਚ ਪਿਆ ਹੈ, ਉਹ…ਉਸ ਦਾ ਸ਼ਰੀਰ ਹੁਣ ਸੜ੍ਹ ਰਿਹਾ ਹੈ; ਪਰ ਹੁਣ ਵੀ, ਤੂੰ ਜੋ ਵੀ ਕਹੇਂਗਾ, ਉਹ ਹੋ ਜਾਵੇਗਾ” । ਠੀਕ!

64 ਉਹ ਉਸ ਨੂੰ ਇਹ ਕਹਿੰਦੇ ਸੁਣਨਾ ਚਾਹੁੰਦੀ ਸੀ! ਆਮੀਨ । ਓਹ, ਮਾਰਥਾ, ਅੱਜ ਰਾਤ ਅਸੀਂ ਕਿਥੇ ਹਾਂ? “ਬੱਸ ਬਚਨ ਹੀ ਬੋਲ; ਮੇਰਾ ਨੌਕਰ ਜੀਵੇਗਾ!” ਬੱਸ ਉਸ ਨੂੰ ਇਹ ਕਹਿੰਦੇ ਸੁਣੋ! ਉਨ੍ਹਾਂ ਹੋ ਸਕਦਾ ਹੈ ਕਿ ਉਸ ਨੂੰ ਇਹ ਆ ਕੇ ਦੱਸਿਆ ਹੋਵੇ ਕਿ ਉਸਨੇ ਇਹ ਕਿਹਾ ਪਰ ਇਥੇ ਉਹ ਆਪ ਸੀ । ਹੇ ਪਰਮੇਸੁਰ, ਅੰਨ੍ਹੀਆਂ ਅੱਖਾਂ ਨੂੰ ਖੋਲ ਤਾਂ ਕਿ ਉਹ ਵੇਖ ਸਕਣ! ਜਦੋਂ ਉਹ, ਉਸਦੀ ਹਜੂਰੀ ਵਿੱਚ, ਵਚਨ ਬੋਲਦਾ ਹੈ ਤਾਂ ਇਹ ਹਮੇਸ਼ਾ ਹੀ ਪ੍ਰਗਟ ਹੁੰਦਾ ਹੈ ।

65 ਉਸਨੇ ਕਿਹਾ, “ਤੂੰ ਪਰਮੇਸ਼ੁਰ ਤੋਂ ਜੋ ਕੁਝ ਵੀ ਮੰਗੇਗਾ, ਪਰਮੇਸ਼ੁਰ ਤੈਨੂੰ ਇਹ ਦੇ ਦਵੇਗਾ । ਬੱਸ ਮੈਨੂੰ ਸੁਣਨ ਦੇ!” ਉਹ ਚਾਹੁੰਦੀ ਸੀ ਕਿ ਉਹ ਵਚਨ ਨੂੰ ਬੋਲੇ । ਇਹੀ ਸਭ ਸੀ ਜੋ ਉਹ ਸੁਣਨਾ ਚਾਹੁੰਦੀ ਸੀ । ਬੱਸ ਵਚਨ ਨੂੰ ਲੈਣਾ, ਇਹੀ ਸਭ ਦੀ ਉਸ ਨੂੰ ਲੋੜ੍ਹ ਸੀ, ਕਿ ਉਹ ਸੁਣਨਾ ਕਿ ਉਹ ਉਸ ਨੂੰ ਕਰੇਗਾ ।

66 ਅਤੇ ਉਸਨੇ ਇਹ ਉਸੇ ਵੇਲੇ ਹੀ ਕਰ ਦਿੱਤਾ ਹੁੰਦਾ ਪਰ ਤੁਸੀਂ ਵੇਖਿਆ, ਉਸ ਦਰਸ਼ਨ ਦੇ ਅਨੁਸਾਰ ਜੋ ਪਿਤਾ ਨੇ ਉਸ ਨੂੰ ਵਿਖਾਇਆ ਸੀ, ਉਸ ਨੂੰ ਕਬਰ ਦੇ ਕੋਲ ਖੜਾ ਹੋਣਾ ਸੀ । ਓਹ ਮੇਰੇ! ਆਪਣੀ ਨਿਹਚਾ ਨੂੰ ਫੜ੍ਹ ਕੇ ਰੱਖੋ! ਪਰਮੇਸ਼ੁਰ ਹਰੇਕ ਚੀਜ ਸਹੀ ਕਰ ਰਿਹਾ ਹੈ

। ਸਭ ਕੁਝ ਠੀਕ ਹੋ ਜਾਵੇਗਾ । ਬੱਸ ਤੱਦ ਤਕ ਉਡੀਕ ਕਰੋ ਜੱਦ ਤੱਕ ਉਹ ਕਬਰ ਉੱਤੇ ਨਹੀਂ ਆਉਂਦੀ ।

67 ਧਿਆਨ ਦਿਓ, ਉਹ ਬੱਸ ਉਸ ਨੂੰ ਇਹ ਕਹਿਣ ਲਈ ਆਖ ਸਕਦੀ ਸੀ, ਉਦੋਂ ਵੀ ਜੱਦ ਉਹ ਅਜੇ…ਸਭ ਉਮੀਦਾਂ ਜਾ ਚੁਕੀਆਂ ਸਨ, ਸਭ ਕੁਝ । ਉਹ ਮਰ ਗਿਆ ਸੀ, ਕਬਰ ਵਿੱਚ ਸੜ੍ਹ ਰਿਹਾ ਸੀ ਪਰ ਉਸ ਨੂੰ ਇਹ ਕਹਿੰਦੇ ਸੁਣਨਾ, ਇਹੀ ਸਭ ਉਹ ਚਾਹੁੰਦੀ ਸੀ ।

68 ਹੁਣ ਜੱਦ ਉਸਨੇ ਕਿਹਾ, "ਕਿਆਮਤ ਅਤੇ ਜੀਵਨ ਮੈਂ ਹਾਂ," ਉਸਨੇ ਇਹ ਨਿਹਚਾ ਕੀਤੀ । ਉਸਨੇ ਇਹ ਨਿਹਚਾ ਕੀਤੀ । ਹੁਣ ਧਿਆਨ ਦਿਓ, ਹੁਣ ਉਸ ਨੂੰ ਅਨਹੋਣੀਆਂ ਚੀਜਾਂ ਲਈ ਵਿਸ਼ਵਾਸ ਕਰਨਾ ਸੀ, ਜੱਦ ਉਸਨੇ ਉਸਨੂੰ ਇਹ ਕਹਿੰਦੇ ਸੁਣਿਆ, "ਕਿਆਮਤ ਅਤੇ ਜੀਵਨ ਮੈਂ ਹਾਂ । ਭਾਵੇਂ ਉਹ ਮਰ ਗਿਆ ਸੀ, ਫਿਰ ਵੀ ਉਹ ਜੀਵੇਗਾ ਅਤੇ ਜੋ ਕੋਈ ਵੀ ਜਿਉਂਦਾ ਹੈ ਅਤੇ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ ਸੋ ਕਦੇ ਨਾ ਮਰੇਗਾ" । ਕਿਹਾ, "ਕੀ ਤੂੰ ਇਸ ਗਲ ਦੀ ਪਰਤੀਤ ਕਰਦੀ ਹੈਂ?"

69 ਅਤੇ ਉਸਨੇ ਕਿਹਾ, "ਹਾਂ, ਪ੍ਰਭੁ, ਮੈਂ ਪਰਤੀਤ ਕਰਦੀ ਹਾਂ । ਮੈਂ ਵਿਸ਼ਵਾਸ ਕਰਦੀ ਹਾਂ ਕਿ ਤੂੰ ਪਰਮੇਸ਼ੁਰ ਦਾ ਪੁੱਤ੍ਰ ਹੈਂ ਜਿਹੜਾ ਜਗਤ ਵਿੱਚ ਆਉਣ ਵਾਲਾ ਸੀ" । ਮੈਂ ਇਹ ਪਸੰਦ ਕਰਦਾ ਹਾਂ । ਮੈਂ ਇਹ ਪਸੰਦ ਕਰਦਾ ਹਾਂ ।

70 ਮੈਂ—ਮੈਂ ਇਹ ਪਹਿਲਾਂ ਵੀ ਕਿਹਾ ਹੈ । ਹੁਣ ਇਹ ਦੁਬਾਰਾ ਖੜਾ ਹੋ ਸਕਦਾ ਹੈ । ਜਿਆਦਾ ਚਿਰ ਨਹੀਂ ਹੋਇਆ ਮੈਂ ਇੱਕ ਔਰਤ ਨਾਲ ਗੱਲ ਕਰ ਰਿਹਾ ਸੀ, ਉਹ ਕੋਈ ਕਲੀਸਿਯਾ ਤੋਂ ਸੀ ਜਿਸਦਾ ਮੈਂ ਕੁਝ ਚਿਰ ਪਹਿਲਾਂ ਜਿਕਰ ਕੀਤਾ ਸੀ, ਜੋ ਇਹ ਵਿਸ਼ਵਾਸ ਨਹੀਂ ਕਰਦੀ ਸੀ ਕਿ ਉਹ ਪਰਮੇਸ਼ੁਰ ਸੀ, ਉਸ ਦੀ ਪਰਮੇਸ਼ੁਰਤਾਈ; ਉਹ ਸਿਰਫ ਇੱਕ ਨਬੀ ਸੀ, ਇੱਕ ਸਧਾਰਣ ਮਨੁੱਖ ਸੀ ।

71 ਉਹ ਸਚਮੁਚ ਉਸ ਤਰਾਂ ਹੀ ਸੀ । ਉਹ ਸਧਾਰਣ ਮਨੁੱਖ ਸੀ ਅਤੇ ਨਾਲ ਹੀ ਉਹ ਪਰਮੇਸ਼ੁਰ ਵੀ ਸੀ । ਸਮਝੇ, ਉਹ ਪ੍ਰਗਟਾਵਾ ਸੀ । ਯਿਸੂ ਦੇਹ ਹੈ, ਇੱਕ ਲੜਕਾ, ਇੱਕ ਮਨੁੱਖ; ਉਹ ਪਰਮੇਸ਼ੁਰ ਸੀ ਜੋ ਉਸ ਵਿੱਚ ਰਹਿੰਦਾ ਸੀ । ਪਰਮੇਸ਼ੁਰ ਉਸਦੇ ਵਿੱਚ ਸੀ । ਉਹ ਇੱਕ ਪਰਮੇਸ਼ੁਰ-ਮਨੁੱਖ ਸੀ । ਉਹ ਇੱਕ ਮਨੁੱਖ ਸੀ, ਪਰ ਫ਼ਿਰ ਵੀ ਉਹ ਇੱਕ ਦੇਹ ਵਿੱਚ ਪ੍ਰਗਟ ਪਰਮੇਸ਼ੁਰ ਸੀ । ਜਦੋਂ ਅਸੀਂ ਯਿਸੂ ਨੂੰ ਵੇਖਦੇ ਹਾਂ, ਅਸੀਂ ਪਰਮੇਸ਼ੁਰ ਨੂੰ ਵੇਖਦੇ ਹਾਂ, ਇਹੀ ਉਸਨੇ ਕਿਹਾ ਸੀ, "ਜਦੋਂ ਤੁਸੀਂ ਪਿਤਾ ਨੂੰ ਵੇਖਦੇ ਹੋ ਤੱਦ ਮੈਨੂੰ ਵੇਖਦੇ ਹੋ, ਤੁਸੀਂ ਪਿਤਾ ਨੂੰ ਵੇਖਦੇ ਹੋ" । ਕਿਉਂਕਿ, ਉਹ ਪ੍ਰਤੀਬਿੰਬ ਸੀ, ਕਿਉਂਕਿ ਉਹ ਵਚਨ ਸੀ, ਆਮੀਨ, ਉਹ ਆਦ ਵਿੱਚ ਸੀ । ਆਮੀਨ ।

72 ਉਸ ਨੇ ਨਬੀਆਂ ਨੂੰ "ਪਰਮੇਸ਼ੁਰ" ਕਿਹਾ । ਕੀ ਤੁਸੀਂ ਇਹ ਜਾਣਦੇ ਹੋ? ਉਸਨੇ ਕਿਹਾ, "ਤੁਸੀਂ ਉਨ੍ਹਾਂ ਨੂੰ 'ਪਰਮੇਸ਼ੁਰ' ਆਖਿਆ ਜਿਨ੍ਹਾਂ ਦੇ ਕੋਲ ਪਰਮੇਸ਼ੁਰ ਦੀ ਬਾਣੀ ਆਈ । ਤਾਂ ਤੁਸੀਂ ਮੈਨੂੰ ਕਿਵੇਂ ਦੋਸ਼ੀ ਠਹਿਰਾ ਸਕਦੇ ਹੋ ਜੱਦ ਮੈਂ ਕਹਿੰਦਾ ਹਾਂ, 'ਮੈਂ ਪਰਮੇਸ਼ੁਰ ਦਾ ਪੁੱਤ੍ਰ ਹਾਂ'?"

73 ਕਿਉਂਕਿ, ਉਸੇ ਵਚਨ ਨੇ ਕਿਹਾ ਸੀ ਕਿ ਉਹ ਉਥੇ ਹੋਵੇਗਾ ਅਤੇ ਉਥੇ ਵਚਨ ਮੁੜ੍ਹ ਪ੍ਰਗਟ ਕੀਤਾ ਗਿਆ ਸੀ । ਅਤੇ ਉਹ ਫੇਰ ਵੀ ਇਸ ਦਾ ਵਿਸ਼ਵਾਸ ਨਹੀਂ ਕਰਦੇ ਸਨ ।

74 ਇਸ ਔਰਤ ਨੇ ਮੈਨੂੰ ਕਿਹਾ, "ਮੈਂ ਤੈਨੂੰ ਸਾਬਤ ਕਰ ਕੇ ਵਿਖਾ ਸਕਦੀ ਹਾਂ" । ਕਿਹਾ, "ਮੈਨੂੰ ਤੇਰਾ ਪ੍ਰਚਾਰ ਸੁਣਨਾ ਚੰਗਾ ਲਗਦਾ ਹੈ ਪਰ ਇੱਕ ਚੀਜ ਹੈ ਜੋ ਤੂੰ ਬਹੁਤ ਜਿਆਦਾ ਕਰਦਾ ਹੈਂ" ।

"ਅੱਛਾ, ਉਹ ਕੀ ਹੈ?"

ਕਿਹਾ, "ਤੂੰ ਯਿਸੂ ਬਾਰੇ ਬਹੁਤ ਜਿਆਦਾ ਸ਼ੇਖੀ ਮਾਰਦਾ ਹੈਂ"।

75 ਮੈਂ ਕਿਹਾ, "ਮੈਂ ਉਮੀਦ ਕਰਦਾ ਹਾਂ ਕਿ ਜੱਦ ਉਹ ਆਵੇ ਤਾਂ ਉਸ ਕੋਲ ਮੇਰੇ ਵਿਰੁੱਧ ਬੱਸ ਇਹੀ ਸਭ ਹੋਵੇ"। ਅਤੇ ਉਸਨੇ ਕਿਹਾ...ਮੈਂ ਕਿਹਾ, "ਮੈਂ ਆਸ ਕਰਦਾ ਹਾਂ ਕਿ ਉਹ ਮੇਰੇ ਵਿੱਚ ਬੱਸ ਇਹੀ ਗਲਤੀ ਲਭ ਸਕੇ"। ਮੈਂ ਕਿਹਾ, "ਜੇ ਮੇਰੇ ਕੋਲ ਦੱਸ ਹਜਾਰ ਜੁਬਾਨਾਂ ਹੁੰਦੀਆਂ, ਤਾਂ ਵੀ ਮੈਂ ਉਸ ਬਾਰੇ ਬਥੇਰਾ ਨਾ ਬੋਲ ਸਕਦਾ, ਔਹ ਮੇਰੇ, ਉਹ ਕੀ ਹੈ!"

ਉਸਨੇ ਕਿਹਾ, "ਪਰ, ਤੁਸੀਂ, ਤੁਸੀਂ ਉਸ ਨੂੰ ਪਰਮੇਸ਼ੁਰ ਬਣਾਉਂਦੇ ਹੋ"।

76 ਕਿਹਾ, "ਉਹ ਸੀ। ਜਾਂ ਜੇਕਰ ਉਹ ਨਹੀਂ ਸੀ ਤਾਂ ਉਹ ਸਭ ਤੋਂ ਵੱਡਾ ਧੋਖੇਬਾਜ ਸੀ ਜੋ ਕਦੇ ਜਗਤ ਵਿੱਚ ਆਇਆ ਸੀ"।

ਉਸਨੇ ਕਿਹਾ, "ਉਹ ਇੱਕ ਨਬੀ ਸੀ"।

77 ਮੈਂ ਕਿਹਾ, "ਉਹ ਇੱਕ ਨਬੀ ਸੀ, ਇਹ ਸੱਚ ਹੈ: ਇੱਕ ਪਰਮੇਸ਼ੁਰ-ਨਬੀ, ਵਚਨ ਦੀ ਭਰਪੂਰੀ। ਨਬੀ ਕੋਲ ਬੱਸ ਵਚਨ ਆਉਂਦਾ ਹੈ, ਇਹੀ ਉਸ ਨੂੰ ਇੱਕ ਨਬੀ ਬਣਾਉਂਦਾ ਹੈ। ਪਰ ਉਹ ਉਸ ਵਚਨ ਦੀ ਭਰਪੂਰੀ ਸੀ"।

78 ਅਤੇ ਉਸਨੇ ਕਿਹਾ, "ਮੈਂ ਤੈਨੂੰ ਸਾਬਤ ਕਰ ਕੇ ਵਿਖਾ ਸਕਦੀ ਹਾਂ"। ਕਿਹਾ, "ਤੁਸੀਂ ਉਸ ਨੂੰ ਰੱਬੀ ਅਰਥਾਤ ਪਰਮੇਸ਼ੁਰ ਵਲੋਂ ਬਣਾਉਂਦੇ ਹੋ"।

ਮੈਂ ਕਿਹਾ, "ਉਹ ਪਰਮੇਸ਼ੁਰ ਹੀ ਸੀ"।

ਅਤੇ ਉਸਨੇ ਕਿਹਾ, "ਉਹ ਪਰਮੇਸ਼ੁਰ ਨਹੀਂ ਹੋ ਸਕਦਾ"।

ਮੈਂ ਕਿਹਾ, "ਉਹ...ਪਰ ਉਹ ਸੀ"।

ਉਸਨੇ ਕਿਹਾ, "ਤੁਸੀਂ ਕਿਹਾ ਸੀ ਕਿ ਤੁਸੀਂ ਬਾਈਬਲ ਤੇ ਵਿਸ਼ਵਾਸ ਕਰਦੇ ਹੋ"।

ਮੈਂ ਕਿਹਾ, "ਮੈਂ ਕਰਦਾ ਹਾਂ"।

79 ਉਸਨੇ ਕਿਹ, "ਮੈਂ ਤੈਨੂੰ ਸਾਬਤ ਕਰ ਕੇ ਦੱਸਾਂਗੀ, ਤੁਹਾਡੀ ਆਪਣੀ ਹੀ ਬਾਈਬਲ ਦੁਆਰਾ ਕਿ ਉਹ ਰੱਬੀ ਅਰਥਾਤ ਪਰਮੇਸ਼ੁਰ ਵਲੋਂ ਨਹੀਂ ਸੀ"।

80 ਮੈਂ ਕਿਹਾ, "ਇਸ ਨੂੰ ਕਰੋ। ਜੇ ਬਾਈਬਲ ਇੰਝ ਕਹਿੰਦੀ ਹੈ ਤਾਂ ਮੈਂ ਇਸ ਤੇ ਵਿਸ਼ਵਾਸ ਕਰਾਂਗਾ ਕਿਉਂਕਿ ਮੈਂ ਵਿਸ਼ਵਾਸ ਕਰਦਾ ਹਾਂ ਕਿ ਵਚਨ ਸਹੀ ਹੈ"।

81 ਉਸਨੇ ਕਿਹਾ, "ਲਾਜਰ ਦੀ ਕਬਰ ਦੇ ਰਾਹ ਤੇ, ਸੰਤ ਯੂਹੰਨਾ 11 ਅਧਿਆਏ ਤੁਹਾਨੂੰ ਯਾਦ ਹੈ?"

ਮੈਂ ਕਿਹਾ, "ਬੇਸ਼ਕ ਮੈਨੂੰ ਯਾਦ ਹੈ, ਮੈਡਮ"।

82 ਕਿਹਾ, "ਅੱਛਾ, ਹੁਣ, ਰਾਹ ਦੇ ਉੱਤੇ, ਉਹ ਰੋਇਆ। ਬਾਈਬਲ ਨੇ ਕਿਹਾ, 'ਉਹ ਰੋਇਆ'"।

ਮੈਂ ਕਿਹਾ, "ਯਕੀਨਨ, ਬਾਈਬਲ ਨੇ ਕਿਹਾ ਉਹ ਰੋਇਆ"।

ਕਿਹਾ, "ਉਹ ਕਿਸ ਤਰਾਂ ਪਰਮੇਸ਼ੁਰ ਹੋ ਸਕਦਾ ਹੈ ਅਤੇ ਰੋ ਸਕਦਾ ਹੈ?"

ਮੈਂ ਕਿਹਾ, "ਉਹ ਮਨੁੱਖ ਸੀ"।

"ਮਨੁੱਖ ਅਤੇ ਪਰਮੇਸ਼ੁਰ?"

83 ਮੈਂ ਕਿਹਾ, "ਹਾਂ, ਮਹਿਲਾ। ਤੂੰ ਵੇਖਣ ਵਿੱਚ ਅਸਫਲ ਹੋ ਗਈ ਹੈਂ। ਉਹ ਇੱਕ—ਇੱਕ ਮਨੁੱਖ ਉਨ੍ਹਾਂ ਦੇ ਨਾਲ ਨਾਲ ਜਾ ਰਿਹਾ ਸੀ, ਉਨ੍ਹਾਂ ਦੇ ਨਾਲ ਰੋ ਰਿਹਾ ਸੀ ਜਿਹੜੇ ਰੋ ਰਹੇ ਸਨ, ਇਹ ਸਹੀ ਹੈ, ਉਨ੍ਹਾਂ ਨਾਲ ਸੋਗ ਕਰ ਰਿਹਾ ਸੀ ਜਿਹੜੇ ਸੋਗ ਕਰ ਰਹੇ ਸਨ। ਉਹ ਇੱਕ ਮਨੁੱਖ ਸੀ। ਪਰ ਜੱਦ ਉਸ ਨੇ ਆਪਣੀ ਛੋਟੀ ਕਮਜੋਰ ਦੇਹ ਨੂੰ ਸਿੱਧਾ ਕੀਤਾ ਅਤੇ ਕਿਹਾ, 'ਲਾਜਰ, ਬਾਹਰ ਆ,' ਅਤੇ ਇੱਕ ਮਨੁੱਖ ਜੋ ਚਾਰ ਦਿਨਾਂ ਤੋਂ ਮਰਿਆ ਹੋਇਆ ਸੀ, ਆਪਣੇ ਪੈਰਾਂ ਤੇ ਖਲੋ ਗਿਆ। ਇਸ ਨੂੰ ਕਿਸੇ ਨੇ ਕੀਤਾ ਜੋ ਮਨੁੱਖ ਤੋਂ ਵੱਧ ਕੇ ਸੀ, ਉਹ ਮਨੁੱਖ ਦੇ ਵਿੱਚ ਪਰਮੇਸ਼ੁਰ ਸੀ"। ਪਰਮੇਸ਼ੁਰ ਬਿਨਾਂ, ਕੌਣ ਮੁਰਦਿਆਂ ਨੂੰ ਜੁਆਲ ਸਕਦਾ ਹੈ? ਉਹ ਕਿਆਮਤ ਅਤੇ ਜੀਵਨ ਹੈ! ਇਹ ਠੀਕ ਹੈ।

84 ਉਸ ਰਾਤ ਸਮੁੰਦਰ ਉੱਤੇ, ਜੱਦ ਉਹ ਉਥੇ ਸੀ, ਥੱਕਿਆ ਹੋਇਆ, ਬੇੜੀ ਦੀ ਪਿਛਲੇ ਪਾਸੇ ਲੇਟਿਆ ਹੋਇਆ ਸੀ, ਜਿਥੇ ਦੱਸ ਹਜਾਰ ਦੁਸ਼ਟ ਆਤਮਾਵਾਂ ਨੇ ਇਹ ਪ੍ਰਣ ਲਿਆ ਕਿ ਉਹ ਉਸ ਨੂੰ ਉਸ ਰਾਤ ਡੋਬ ਦੇਣਗੇ, ਅਤੇ ਉਹ ਛੋਟੀ ਬੇੜੀ ਉਸ ਤੁਫਾਨੀ ਸਮੁੰਦਰ ਉੱਤੇ ਇੱਕ ਬੋਤਲ ਦੇ ਡੱਟ ਵਾਂਗ ਇਧਰ ਉਧਰ ਹੁਲਾਰੇ ਖਾ ਰਹੀ ਸੀ। ਉਹਨਾਂ ਦੁਸ਼ਟ ਆਤਮਾਵਾਂ ਨੇ ਸੋਚਿਆ, "ਹੁਣ ਅਸੀਂ ਉਸ ਨੂੰ ਫੜ੍ਹ ਲਿਆ ਹੈ। ਉਹ ਸੁੱਤਾ ਪਿਆ ਹੈ; ਅਸੀਂ ਪੂਰੇ ਝੁੰਡ ਨੂੰ ਡੋਬ ਦਵਾਂਗੇ"। ਔਹ, ਉਹ ਇੱਕ ਮਨੁੱਖ ਸੀ, ਥੱਕਿਆ ਹੋਇਆ, ਪਰ ਜਦੋਂ ਉਹ ਜਾਗਿਆ, ਉਹ ਉਠ ਖਲੋਤਾ ਅਤੇ ਆਪਣਾ ਪੈਰ ਬੇੜੀ ਦੇ ਕਿਨਾਰੇ ਉੱਤੇ ਰਖਿਆ ਅਤੇ ਉੱਪਰ ਵੇਖਿਆ ਅਤੇ ਕਿਹਾ, "ਚੁੱਪ ਕਰ, ਥਮ੍ਹ ਜਾ," ਅਤੇ ਪੌਣ ਅਤੇ ਲਹਿਰਾਂ ਨੇ ਉਸਦੀ ਆਗਿਆ ਮਨ ਲਈ। ਉਹ ਇੱਕ ਮਨੁੱਖ ਤੋਂ ਵੱਧ ਸੀ।

85 ਉਹ ਇੱਕ ਮਨੁੱਖ ਸੀ ਜੱਦ ਉਸ ਨੂੰ ਭੁੱਖ ਲਗੀ, ਪਹਾੜ ਤੋਂ ਹੇਠਾਂ ਉੱਤਰ ਆਇਆ, ਰੋਟੀ ਦਾ ਇੱਕ ਟੁਕੜਾ ਜਾਂ ਕੋਈ ਚੀਜ ਖਾਣ ਲਈ ਲਭਣ ਲਗਾ, ਜਾਂ ਇੱਕ ਅੰਜੀਰ ਦੇ ਰੁੱਖ ਤੋਂ ਕੁਝ ਖਾਣ ਲਈ ਲਭਣ ਲਗਾ। ਪਰ ਜਦੋਂ ਉਸਨੇ ਪੰਜ ਰੋਟੀਆਂ ਅਤੇ ਦੋ ਮੱਛੀਆਂ ਲਈਆਂ ਅਤੇ ਪੰਜ ਹਜਾਰ ਨੂੰ ਖੁਆਇਆ ਤਾਂ ਉਹ ਮਨੁੱਖ ਵਿੱਚ ਪਰਮੇਸ਼ੁਰ ਸੀ। ਇਹ ਠੀਕ ਹੈ।

86 ਔਹ, ਹਰੇਕ ਮਨੁੱਖ ਜਿਸ ਨੇ ਆਪਣੇ ਆਪ ਨੂੰ ਕੁਝ ਨਹੀਂ ਸਮਝਿਆ ਉਸ ਨੇ ਇਹ ਵਿਸ਼ਵਾਸ ਕੀਤਾ, ਹਰੇਕ ਕਵੀ ਨੇ ਇਹ ਵਿਸ਼ਵਾਸ ਕੀਤਾ, ਕੋਈ ਹੈਰਾਨੀ ਨਹੀਂ ਇੱਕ ਨੇ ਲਿਖਿਆ:

> ਜਿਉਂਦੇ ਹੋਏ, ਉਸਨੇ ਮੈਨੂੰ ਪ੍ਰੇਮ ਕੀਤਾ; ਮਰਦੇ ਹੋਏ, ਉਸਨੇ ਮੈਨੂੰ ਬਚਾ ਲਿਆ;
> ਦਫਨਾਏ ਜਾਣ ਤੇ, ਉਹ ਮੇਰੇ ਪਾਪ ਦੂਰ ਲੈ ਗਿਆ;
> ਜੀ ਉੱਠਦੇ ਹੋਏ, ਉਸਨੇ ਮੈਨੂੰ ਹਮੇਸ਼ਾ ਦੇ ਲਈ ਧਰਮੀ ਠਹਿਰਾ ਕੇ ਅਜਾਦ ਕੀਤਾ:
> ਕਿਸੇ ਦਿਨ ਉਹ ਆ ਰਿਹਾ ਹੈ—ਔਹ, ਸ਼ਾਨਦਰ ਦਿਨ!

87 ਏਡੀ ਪੈਰੋਨੇਟ, ਉਸ ਦੇ ਗੀਤ ਵਿਕਦੇ ਨਹੀਂ ਸਨ। ਇੱਕ ਦਿਨ, ਪਵਿੱਤਰ ਆਤਮਾ ਦੇ ਪ੍ਰਭਾਵ ਹੇਠ ਲੜਖੜਾਉਂਦੇ ਹੋਏ, ਉਸਨੇ ਕਲਮ ਫੜ ਲਈ, ਉਸਨੇ ਪਹਿਲਾ ਗੀਤ ਲਿਖਿਆ, ਜਦ ਉਸ ਨੇ ਲਿਖਿਆ:

ਸਾਰੇ ਯਿਸੂ ਨਾਮ ਦੀ ਸਮਰਥ ਦੀ ਜੈ ਜੈ ਕਾਰ ਕਰੋ!
ਦੂਤ ਮੂੰਹ ਭਾਰ ਡਿਗ ਕੇ ਪ੍ਰਣਾਮ ਕਰਨ;
ਸ਼ਾਹੀ ਮੁਕਟ ਅੱਗੇ ਲੈ ਕੇ ਆਓ,
ਅਤੇ ਸਭਨਾਂ ਦੇ ਪ੍ਰਭੂ ਨੂੰ ਉਹ ਮੁਕਟ ਪਹਿਨਾਓ ।

88 ਯਕੀਨਨ, ਇਹੀ ਹੈ ਜੋ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਹ ਸੀ । ਹਾਂ, ਸ਼੍ਰੀ ਮਾਨ ।

89 ਉਸ ਨੂੰ ਹੁਣ ਉਸ ਗਲ ਤੇ ਵਿਸ਼ਵਾਸ ਕਰਨਾ ਸੀ ਜਿਹੜੀ ਉਨ੍ਹਾਂ ਦਿਨਾਂ ਦੀ ਆਧੁਨਿਕ ਸੋਚ ਲਈ ਅਣਹੋਣੀ ਸੀ । ਇਸ ਲਈ ਤੁਹਾਨੂੰ ਨਵਾਂ ਜੀਵਨ ਵੇਖਣ ਲਈ, ਕੁਝ ਹੁੰਦਿਆਂ ਹੋਇਆਂ ਵੇਖਣ ਲਈ ਅਨਹੋਣੀਆਂ ਗਲਾਂ ਤੇ ਵਿਸ਼ਵਾਸ ਕਰਨਾ ਹੈ । ਪਰ ਜੇ ਉਸਨੇ ਪਛਾਣ ਲਿਆ…ਉਸਨੇ ਪਛਾਣ ਲਿਆ ਕਿ ਉਹ ਵਚਨ ਸੀ, ਤੱਦ ਅਸੰਭਵ ਚੀਜਾਂ ਹੋ ਸਕਦੀਆਂ ਸਨ ਕਿਓਂਕਿ ਉਹ ਸ੍ਰਿਸ਼ਟੀ ਕਰਤਾ ਹੈ ਅਤੇ ਉਸ ਹਰੇਕ ਵਚਨ ਦੇ ਲਈ ਖੜਾ ਰਹੇਗਾ ਜੋ ਉਸਨੇ ਕਿਹਾ ਸੀ ।

90 "ਅਤੇ ਵਿਸ਼ਵਾਸ ਕਰਨ ਵਾਲਿਆਂ ਲਈ ਸਭ ਕੁਝ ਸੰਭਵ ਹੈ" । ਇਹ ਉਸਦਾ ਵਚਨ ਹੈ । ਪਰ ਅਸੰਭਵ ਚੀਜਾਂ ਪ੍ਰਗਟ ਹੁੰਦੀਆਂ ਹਨ ਜੱਦ ਪਰਮੇਸ਼ੁਰ ਨੂੰ ਉਸਦੇ ਵਚਨ ਦੇ ਆਧਾਰ ਤੇ ਲਿਆ ਜਾਂਦਾ ਹੈ । ਹਾਂ, ਸ਼੍ਰੀ ਮਾਨ । ਜਦੋਂ ਪਰਮੇਸ਼ੁਰ ਨੂੰ ਉਸਦੇ ਵਚਨ ਤੇ ਲਿਆ ਜਾਂਦਾ ਹੈ, ਤੱਦ ਅਸੰਭਵ ਚੀਜਾਂ ਪ੍ਰਗਟ ਹੁੰਦੀਆਂ ਹਨ । ਜੱਦ ਪਰਮੇਸ਼ੁਰ ਕਹਿੰਦਾ ਹੈ ਕਿ ਇਹ ਹੋਵੇਗਾ ਤੱਦ ਤੁਸੀਂ ਵਚਨ ਨੂੰ ਲਵੋ ਅਤੇ ਵੇਖੋ ਕੀ ਹੁੰਦਾ ਹੈ, ਅਸੰਭਵ ਚੀਜਾਂ ਹੋਣਗੀਆਂ । ਯਕੀਨਨ ਇਹ ਹੋਵੇਗਾ ।

91 ਪਰ ਧਿਆਨ ਦਿਓ, ਇਸ ਸਭ ਕੁਝ ਦੇ ਵਿੱਚ ਵੀ ਉਸਨੇ ਕਿਹਾ, "ਹੁਣ ਵੀ, ਪ੍ਰਭੂ, ਜੋ ਤੂੰ ਪਰਮੇਸ਼ੁਰ ਨੂੰ ਕਹੇਂਗਾ, ਪਰਮੇਸ਼ੁਰ ਉਹ ਕਰ ਦਵੇਗਾ" । ਉਹ ਜਾਣਦੀ ਸੀ ਕਿ ਉਸ ਨੂੰ ਉਸ ਤੋਂ ਬੱਸ ਉਹ ਵਚਨ ਹੀ ਲੈਣਾ ਹੈ । ਇਹੀ ਸਭ ਸੀ ਜੋ ਉਸ ਨੂੰ ਕਰਨ ਦੀ ਲੋੜ੍ਹ ਸੀ, ਕਿ ਉਸਦੇ ਵਚਨ ਨੂੰ ਲਵੇ । ਹਾਂ, ਇਹ ਉਸ ਦੀ ਸਭ ਤੋਂ ਹਨੇਰੀ ਘੜੀ ਸੀ ਅਤੇ ਯਿਸੂ ਦ੍ਰਿਸ਼ ਤੇ ਆਇਆ ਅਤੇ ਬੁਲਾਇਆ । ਔਹ, ਉਨ੍ਹਾਂ ਨੇ ਕਿਸ ਚੀਜ ਨੂੰ ਵੇਖਿਆ ਸੀ, ਇੱਕ ਪੁਨਰ-ਉਥਾਨ!

ਆਓ ਕੁਝ ਹੋਰ ਥਾਵਾਂ ਤੇ ਵੇਖੀਏ ਜਿਥੇ ਹਨੇਰੀਆਂ ਘੜੀਆਂ ਆਈਆਂ ।

92 ਇੱਕ ਵਾਰ ਇੱਕ ਮਨੁੱਖ ਸੀ, ਉਸਦਾ ਨਾਮ ਅਯੂਬ ਸੀ, ਬਾਈਬਲ ਦੇ ਸਭ ਤੋਂ ਪੁਰਾਣੇ ਨਬੀਆਂ ਵਿਚੋਂ ਇੱਕ । ਉਹ ਇੱਕ ਮਹਾਨ ਵਿਅਕਤੀ ਸੀ । ਉਸਨੇ—ਉਸਨੇ ਪਰਮੇਸ਼ੁਰ ਨੂੰ ਪ੍ਰੇਮ ਕੀਤਾ ਸੀ, ਅਤੇ ਉਸਨੇ ਉਹ ਸਭ ਕੁਝ ਕੀਤਾ ਸੀ ਜੋ ਉਹ ਜਾਣਦਾ ਸੀ ਕਿ ਕਿਵੇਂ ਕਰਨਾ ਹੈ । ਅਤੇ ਸ਼ਤਾਨ ਉਸ ਨੂੰ ਪਰਖਣਾ ਚਾਹੁੰਦਾ ਸੀ ਅਤੇ ਇਸ ਲਈ ਉਸਨੇ ਇੱਕ ਦਿਨ ਪਰਮੇਸ਼ੁਰ ਨੂੰ ਕਿਹਾ…ਹਾਂ, ਸਗੋਂ ਪਰਮੇਸ਼ੁਰ ਨੇ ਉਸ ਨੂੰ ਕਿਹਾ, "ਸ਼ਤਾਨ, ਤੂੰ ਕਿਥੇ ਸੀ?"

93 ਉਸਨੇ ਕਿਹਾ, "ਔਹ, ਧਰਤੀ ਤੇ ਅੱਗੇ ਪਿਛੇ ਅਤੇ ਉਪਰ ਥਲੇ ਘੁੰਮ ਰਿਹਾ ਸੀ" ।

94 ਉਸਨੇ ਕਿਹਾ, "ਕੀ ਤੂੰ ਮੇਰੇ ਦਾਸ ਅਯੂਬ ਵੱਲ ਗੌਹ ਕੀਤੀ? ਧਰਤੀ ਉੱਤੇ ਉਸਦੇ ਵਰਗਾ ਕੋਈ ਨਹੀਂ ਹੈ । ਉਹ ਇੱਕ ਸਿੱਧ ਪੁਰਖ ਹੈ" ।

95 "ਔਹ," ਉਸਨੇ ਕਿਹਾ, "ਯਕੀਨਨ, ਤੂੰ ਉਸ ਨੂੰ ਸਭ ਕੁਝ ਦਿੱਤਾ ਹੈ, ਉਸ ਦੇ ਲਈ ਸਭ ਕੁਝ ਕਰਦਾ ਹੈਂ । ਯਕੀਨਨ, ਉਹ ਇੱਕ ਮਹਾਨ ਮਨੁੱਖ ਹੈ । ਪਰ ਇੱਕ ਵਾਰ ਉਸ ਨੂੰ ਮੇਰੇ ਹਵਾਲੇ ਕਰ, ਮੈਂ ਸੁਰ ਨੂੰ ਬਦਲ ਦਵਾਂਗਾ । ਮੈਂ ਉਸ ਤੋਂ ਤੇਰੇ ਮੂੰਹ ਤੇ ਫਿਟਕਾਰਾਂ ਪਵਾਵਾਂਗਾ" ।

96 ਉਸਨੇ ਕਿਹਾ, “ਤੂੰ ਇਹ ਨਹੀਂ ਕਰ ਸਕਦਾ” । ਇਹ ਉਸਦਾ ਇੱਕ ਵਿਸ਼ਵਾਸੀ ਉੱਤੇ ਭਰੋਸਾ ਹੈ । ਕਿਓਂ? ਉਹ ਬੇਅੰਤ ਹੈ । ਉਹ ਅਨੰਤ ਹੈ । ਉਹ ਸ਼ੁਰੂਆਤ ਤੋਂ ਅੰਤ ਤੱਕ ਜਾਣਦਾ ਹੈ । ਉਹ ਜਾਣਦਾ ਸੀ ਕਿ ਸ਼ਤਾਨ ਇਹ ਨਹੀਂ ਕਰ ਸਕਦਾ ਸੀ । ਕਿਓਂਕਿ, ਉਹ ਵਚਨ ਹੈ, ਉਹ ਜਾਣਦਾ ਸੀ ਕਿ ਅਯੂਬ ਕੀ ਕਰੇਗਾ ।

97 ਹੁਣ, ਯਾਦ ਰੱਖਣਾ, ਉਸਨੇ ਅਯੂਬ ਨੂੰ ਫੋੜਿਆਂ ਨਾਲ ਭਰ ਦਿੱਤਾ, ਉਸਦੇ ਬੱਚਿਆਂ ਨੂੰ ਮਾਰ ਦਿੱਤਾ, ਜੋ ਉਸਦੇ ਕੋਲ ਸੀ ਉਹ ਸਭ ਕੁਝ ਲੈ ਲਿਆ । ਉਸਦੀ ਸਿਹਤ ਜਾ ਚੁੱਕੀ ਸੀ । ਉਸਨੂੰ ਤਸੱਲੀ ਦੇਣ ਵਾਲੇ ਵੀ ਆਏ, ਅਤੇ ਉਸ ਤੇ ਇੱਕ ਗੁਪਤ ਪਾਪੀ ਹੋਣ ਦਾ ਦੋਸ਼ ਲਗਾਉਣ ਤੋਂ ਬਗੈਰ ਹੋਰ ਕੁਝ ਨਾ ਕਰ ਸਕੇ । ਅਤੇ ਬੁਢਾ ਅਯੂਬ ਇੱਕ ਅਜਿਹੀ ਹਾਲਤ ਵਿੱਚ ਚਲਾ ਗਿਆ ਕਿ ਉਹ ਬਹੁਤ ਜਿਆਦਾ ਉਦਾਸ ਹੋ ਗਿਆ ।

98 ਪਹਿਲਾਂ, ਤੁਹਾਨੂੰ ਉਦਾਸੀ ਵਿੱਚ ਜਾਣਾ ਹੈ । ਤੁਹਾਨੂੰ ਇੱਕ ਅਜਿਹੇ ਸਮੇਂ ਵਿੱਚ ਜਾਣਾ ਹੈ ਜਿਥੇ ਤੁਸੀਂ ਮੌਤ ਦੇ ਨੇੜੇ ਹੁੰਦੇ ਹੋ ।

99 ਅਯੂਬ ਮੌਤ ਦੇ ਨੇੜੇ ਆ ਗਿਆ ਸੀ, ਜਦੋਂ ਉਸਨੇ ਕਿਹਾ, “ਨਾਸ਼ ਹੋਵੇ ਉਹ ਦਿਨ ਜਿਹ ਦੇ ਵਿੱਚ ਮੈਂ ਜੰਮਿਆ । ਉਸ ਦਿਨ ਸੂਰਜ ਵੀ ਨਾ ਚਮਕੇ ਅਤੇ ਉਸ ਰੱਤ ਉੱਤੇ ਚਾਨਣ ਵੀ ਨਾ ਚਮਕੇ, ਉਸ ਦਾ ਨਾਮ ਕਦੇ ਨਾ ਲਿਆ ਜਾਵੇ” । ਅਤੇ ਉਸ ਉਦਾਸੀ ਵਿੱਚ, ਫੇਰ ਯਿਸੂ ਅੱਗੇ ਆਇਆ । ਉਸਨੇ ਹੇਠਾਂ ਵੇਖਿਆ ਅਤੇ ਉਸਨੇ ਕਿਹਾ, “ਮੈਂ ਇੱਕ ਮਨੁੱਖ ਦੀ ਤਰਾਂ ਵੇਖਦਾ ਹਾਂ, ਇੱਕ ਫੁੱਲ ਮਰਦਾ ਹੈ ਅਤੇ ਬਸੰਤ ਵਿੱਚ ਮੁੜ੍ਹ ਜੀ ਉੱਠਦਾ ਹੈ । ਜੇਕਰ ਇੱਕ ਰੁੱਖ ਹੇਠਾਂ ਡੇਗਿਆ ਜਾਵੇ ਤਾਂ ਵੀ ਪਾਣੀ ਦੀ ਵਾਸ ਤੋਂ ਇਹ ਮੁੜ੍ਹ ਉਪਰ ਆਉਂਦਾ ਹੈ” । ਉਸਨੇ ਪੂਰੇ ਵਨਸਪਤੀ ਜੀਵਨ ਨੂੰ ਦੁਬਾਰਾ ਜਿਉਂਦੇ ਵੇਖਿਆ ਪਰ ਕਿਹਾ, “ਇੱਕ ਮਨੱਖ ਲੇਟਦਾ ਹੈ, ਉਹ ਪ੍ਰਾਣ ਛੱਡ ਦਿੰਦਾ ਹੈ, ਤਾਂ ਉਹ ਹੈ ਕਿੱਥੇ?” ਉਹ ਜਾਣਦਾ ਸੀ ਕਿ ਉਹ ਇੱਕ ਬੁੱਢਾ ਆਦਮੀ ਹੈ । ਉਸਨੇ ਕਿਹਾ, “ਉਸਦੇ ਪੁੱਤ੍ਰ ਉਸ ਲਈ ਸੋਗ ਕਰਨ ਆਉਂਦੇ ਹਨ ਅਤੇ ਉਹ ਇਸ ਨੂੰ ਵੇਖਦਾ ਹੈ । ਔਹ, ਕਾਸ਼ ਕਿ ਤੂੰ ਮੈਨੂੰ ਪਤਾਲ ਵਿੱਚ ਲੁਕਾ ਦਵੇਂ ਅਤੇ ਮੈਂਨੂੰ ਗੁਪਤ ਸਥਾਨ ਵਿੱਚ ਲੁਕਾ ਰਖੇਂ ਜੱਦ ਤੱਕ ਤੇਰਾ ਕ੍ਰੋਧ ਨਾ ਹਟੇ ਅਤੇ ਮੇਰੇ ਲਈ ਖਾਸ ਵੇਲਾ ਠਹਿਰਾਵੇਂ ਅਤੇ ਮੈਨੂੰ ਚੇਤੇ ਕਰੇਂ । ਅਸੀਂ ਗਏ…” ਅਤੇ ਇਸ ਤਰਾਂ ਉਹ ਗਲਾਂ ਕਰਦਾ ਰਿਹਾ । ਉਹ ਆਪਣੀ ਉਦਾਸੀ ਦੇ ਅੰਤ ਤੇ ਸੀ, “ਕੀ ਹੋਵੇਗਾ? ਪੱਤੇ ਜਿਉਂਦੇ ਹਨ, ਉਹ ਮੁੜ੍ਹ ਰੁੱਖਾਂ ਉੱਤੇ ਆਉਂਦੇ ਹਨ, ਫੁੱਲ ਦੁਬਾਰਾ ਵਾਪਸ ਆਉਂਦੇ ਹਨ, ਹਰੇਕ ਚੀਜ ਵਾਪਸ ਆਉਂਦੀ ਹੈ ਪਰ ਇੱਕ ਮਨੁੱਖ ਲੇਟਦਾ ਹੈ ਅਤੇ ਪ੍ਰਾਣ ਛੱਡ ਦਿੰਦਾ ਹੈ!” ਉਹ ਉਦਾਸੀ ਵਿੱਚ ਸੀ । ਉਹ ਉਸ ਉਮਰ ਵਿੱਚ ਨਹੀਂ ਜਾਣਦਾ ਸੀ ਕਿ ਉਸ ਦੇ ਨਾਲ ਕੀ ਹੋ ਸਕਦਾ ਹੈ ।

100 ਜਦੋਂ ਉਸ ਨੇ ਇਹ ਕੀਤਾ ਤੱਦ ਯਿਸੂ ਅੱਗੇ ਆਇਆ । ਪਰਮੇਸ਼ੁਰ ਨੇ ਉਸਦੇ ਸਿਰ ਨੂੰ ਉੱਪਰ ਕੀਤਾ ਅਤੇ ਉਸਨੇ ਅੰਤ ਦੇ ਦਿਨਾਂ ਵਿੱਚ ਯਿਸੂ ਦੀ ਆਮਦ ਨੂੰ ਵੇਖਿਆ ।

101 ਸਭ ਤੋਂ ਹਨੇਰੀ ਘੜੀ ਜੱਦ ਉਸਦੀ ਪਤਨੀ ਨੇ ਕਿਹਾ, “ਪਰਮੇਸ਼ੁਰ ਨੂੰ ਫਿਟਕਾਰ ਅਤੇ ਮਰ ਜਾਹ,” ਫਿਰ ਵੀ ਉਸਨੇ ਕਿਹਾ, “ਤੂੰ ਝੱਲੀ ਤੀਵੀਂ ਵਾਂਗ ਬੋਲਦੀ ਹੈਂ । ਪਰਮੇਸ਼ੁਰ ਨੇ ਦਿੱਤਾ ਅਤੇ ਪਰਮੇਸ਼ੁਰ ਨੇ ਲੈ ਲਿਆ, ਪਰਮੇਸ਼ੁਰ ਦਾ ਨਾਮ ਮੁਬਾਰਕ ਹੋਵੇ” । ਉਸਦੀ ਪਤਨੀ ਨੇ ਵੀ ਉਸਦਾ ਇਨਕਾਰ ਕਰ ਦਿੱਤਾ । ਉਸਦੀ ਕਲੀਸਿਯਾ ਨੇ ਉਸ ਦਾ ਇਨਕਾਰ ਕਰ ਦਿੱਤਾ । ਹਰੇਕ ਨੇ ਉਸਦਾ ਇਨਕਾਰ ਕਰ ਦਿੱਤਾ ।

102 ਉਸ ਹਨੇਰੀ ਘੜੀ ਵਿੱਚ, ਜੱਦ ਉਹ ਨਹੀਂ ਜਾਣਦਾ ਸੀ ਕਿ ਉਹ ਕਿਥੇ ਜਾ ਰਿਹਾ ਸੀ, ਯਿਸੂ ਅੱਗੇ ਆਇਆ । ਉਹ ਉੱਚੀ ਆਵਾਜ਼ ਨਾਲ ਬੋਲਿਆ, "ਮੈਂ ਜਾਣਦਾ ਹਾਂ ਮੇਰਾ ਛੁਡਾਉਣ ਵਾਲਾ ਜਿਉਂਦਾ ਹੈ ਅਤੇ ਅੰਤ ਦੇ ਦਿਨਾਂ ਵਿੱਚ ਉਹ ਧਰਤੀ ਉੱਤੇ ਖਲੋਵੇਗਾ । ਅਤੇ ਭਾਵੇਂ ਚਮੜੀ ਦੇ ਕੀੜੇ ਮੇਰੇ ਸ਼ਰੀਰ ਨੂੰ ਨਾਸ਼ ਕਰ ਦੇਣ, ਫਿਰ ਵੀ ਮੈਂ ਆਪਣੀ ਦੇਹ ਵਿੱਚ ਪਰਮੇਸ਼ੁਰ ਨੂੰ ਵੇਖਾਂਗਾ, ਉਸ ਨੂੰ ਮੈਂ ਆਪਣੇ ਲਈ ਵੇਖਾਂਗਾ" । ਉਸ ਦੀ ਸਭ ਤੋਂ ਹਨੇਰੀ ਘੜੀ ਵਿੱਚ, ਯਿਸੂ ਉਸ ਦੇ ਨਾਲ ਆ ਗਿਆ । ਹਾਂ ਸ਼੍ਰੀ ਮਾਨ ।

103 ਮੂਸਾ, ਮੂਸਾ ਦੇ ਲਈ ਸਭ ਤੋਂ ਹਨੇਰੀ ਘੜੀ ਇਸਰਾਇਲ ਵਿੱਚ ਆਈ । ਉਹ ਸਹੀ ਤਰੀਕੇ ਨਾਲ ਆਪਣਾ ਫਰਜ ਨਿਭਾ ਰਿਹਾ ਸੀ; ਪਰਮੇਸ਼ੁਰ ਉਸ ਨੂੰ ਉਥੇ ਝਾੜੀ ਵਿੱਚ ਮਿਲਿਆ ਅਤੇ ਕਿਹਾ, "ਮੈਂ ਹਾਂ ਜੋ ਮੈਂ ਹਾਂ" । ਉਹ ਹੇਠਾਂ ਗਿਆ ਅਤੇ ਯੰਨੇਸ ਅਤੇ ਯੰਬਰੇਸ ਦੀ ਹਰੇਕ ਨਕਲ ਨਾਲ ਲੜ੍ਹਿਆ ਜੋ ਉਸਦੇ ਕੰਮ ਦੀ ਨਕਲ ਕਰਨ ਦੀ ਕੋਸ਼ਿਸ ਕਰ ਰਹੇ ਸਨ । ਇਹ ਸਭ ਕੁਝ ਵਿੱਚ ਉਹ ਪਰਮੇਸ਼ੁਰ ਦੇ ਲਈ ਸੱਚਾ ਖੜਾ ਰਿਹਾ । ਉਸ ਨੇ ਅੰਤ ਵਿੱਚ ਇਸਰਾਇਲ ਨੂੰ ਵਿਸ਼ਵਾਸ ਕਰਨ ਲਾ ਦਿੱਤਾ । ਅਤੇ ਉਹ ਮਿਸ਼ਰ ਵਿਚੋਂ ਬਾਹਰ ਆਉਂਦਾ ਹੈ, ਵਾਅਦਾ ਕੀਤੀ ਹੋਈ ਧਰਤੀ ਵਲ ਜਾ ਰਿਹਾ ਹੈ, ਜਿਥੇ ਪਰਮੇਸ਼ੁਰ ਨੇ ਕਿਹਾ ਸੀ, "ਤੁਸੀਂ ਪਹਾੜ ਉੱਤੇ ਮੇਰੀ ਉਪਾਸਨਾ ਕਰੋਗੇ" । ਇਹ ਪਰਮੇਸ਼ੁਰ ਦਾ ਵਚਨ ਸੀ । ਮੂਸਾ ਜਾਣਦਾ ਸੀ ਕਿ ਉਸ ਨੂੰ ਪਹਾੜ ਤੇ ਜਾਣਾ ਹੈ । ਆਮੀਨ । ਪਰਮੇਸ਼ੁਰ ਨੇ ਇੰਝ ਕਿਹਾ ਸੀ! ਕੋਈ ਫ਼ਿਰਊਨ ਉਸ ਨੂੰ ਨਹੀਂ ਮਾਰ ਸਕਦਾ ਸੀ । ਕੋਈ ਸ਼ਤਾਨ ਉਸ ਨੂੰ ਨਹੀਂ ਮਾਰ ਸਕਦਾ ਸੀ । ਕੋਈ ਵੀ ਚੀਜ ਉਸ ਨੂੰ ਮਾਰ ਨਹੀਂ ਸਕਦੀ ਸੀ । ਉਹ ਉਸ ਪਹਾੜ ਉੱਤੇ ਆ ਰਿਹਾ ਹੈ । ਆਮੀਨ! ਹਲਲੂਯਾਹ! ਮੈਂ ਧਾਰਮਿਕ ਮਹਿਸੂਸ ਕਰ ਰਿਹਾ ਹਾਂ । ਉਹ ਉਸ ਪਹਾੜ ਵਲ੍ਹ ਨੂੰ ਜਾ ਰਿਹਾ ਹੈ ।

104 ਇਸ ਲਈ ਅਸੀਂ ਆਪਣੇ ਮਾਰਗ ਤੇ ਹਾਂ ਜੋ ਮਹਿਮਾ ਨੂੰ ਜਾਂਦਾ ਹੈ! ਸਾਨੂੰ ਕੋਈ ਵੀ ਚੀਜ ਰੋਕ ਨਹੀਂ ਸਕਦੀ । ਨਹੀਂ, ਸ਼੍ਰੀਮਾਨ । ਪਰਮੇਸ਼ੁਰ ਆਪਣੇ ਵਚਨ ਨੂੰ ਪ੍ਰਮਾਣਿਤ ਕਰਨ ਜਾ ਰਿਹਾ ਹੈ । ਮੈਂ ਪ੍ਰਵਾਹ ਨਹੀਂ ਕਰਦਾ ਕਿ ਕੀ ਹੁੰਦਾ ਹੈ, ਉਹ ਇਹ ਕਰਨ ਜਾ ਰਿਹਾ ਹੈ, ਕਿਸੇ ਵੀ ਤਰ੍ਹਾਂ । ਹਾਂ ।

105 ਆਪਣੇ ਮਾਰਗ ਤੇ, ਠੀਕ ਆਪਣੇ ਕਰੱਤਵ ਦੇ ਮਾਰਗ ਤੇ । ਇਥੇ ਹੈ ਉਹ, ਪਹਾੜੀਆਂ ਦੇ ਵਿਚਕਾਰ ਫੱਸਿਆ ਹੋਇਆ । ਉਹ ਸੁਣਦਾ ਹੈ ਅਤੇ ਆਪਣੇ ਪਿਛੇ ਇੱਕ ਗਰਜ ਨੂੰ ਸੁਣਦਾ ਹੈ । ਇਹ ਕੀ ਹੈ? ਫ਼ਿਰਊਨ ਦੇ ਰੱਥ ਹਜਾਰਾਂ ਦੀ ਗਿਣਤੀ ਵਿੱਚ ਆ ਰਹੇ ਹਨ, ਹਥਿਆਰਬੰਦ ਅਤੇ ਨੇਜੇ ਅਤੇ ਚੀਜਾਂ, ਤਾਂ ਕਿ ਉਹਨਾਂ ਉਨ੍ਹਾਂ ਰੱਥਾਂ ਦੇ ਹੇਠ ਲਤਾੜ ਦੇਣ । ਅੱਗੇ ਲਾਲ ਸਮੁੰਦਰ ਹੈ, ਉਸ ਨੂੰ ਰੋਕ ਦਿੱਤਾ ਸੀ । ਉਸ ਨੇ ਕੀ ਕੀਤਾ? ਉਹ...ਉਹ ਘਬਰਾ ਗਿਆ । ਸਾਰੇ ਲੋਕ ਰੋਲਾ ਪਾ ਰਹੇ ਸਨ, "ਓਹ, ਅਸੀਂ ਹੁਣ ਫੱਸ ਗਏ ਹਾਂ । ਫ਼ਿਰਊਨ ਸਾਨੂੰ ਮਾਰ ਦਵੇਗਾ, ਉਸ ਦੀਆਂ ਤਲਵਾਰਾਂ ਸਾਡੇ ਵਿਚੋਂ ਦੀ ਲੰਘਣਗੀਆਂ । ਸਾਡੇ ਬੱਚੇ ਇਥੇ ਉਜਾੜ ਵਿੱਚ ਮਰ ਜਾਣਗੇ" ।

ਮੂਸਾ ਉੱਚੀ ਆਵਾਜ ਨਾਲ ਬੋਲਿਆ, "ਹੇ ਪਰਮੇਸ਼ੁਰ!"

106 ਅਤੇ ਫਿਰ ਯਿਸੂ ਦ੍ਰਿਸ਼ ਉੱਤੇ ਆ ਗਿਆ । ਉਹ ਅੱਗ ਦਾ ਥੰਮ੍ਹ ਸੀ । ਇਹ ਠੀਕ ਹੈ । ਉਹ ਹੇਠਾਂ ਉੱਤਰ ਆਇਆ ਅਤੇ ਉਸਦੇ ਅਤੇ ਖਤਰੇ ਦੇ ਵਿਚਕਾਰ ਖਲੋ ਗਿਆ । ਆਮੀਨ । ਉਹ ਸਾਡਾ ਵਿਚੋਲਾ ਹੈ । ਉਹ ਵਿਚਕਾਰ ਖਲੋਣ ਵਾਲਾ ਹੈ, ਆਮੀਨ, ਇੱਕ ਵਿਚੋਲਾ । ਉਹ ਉਥੇ ਖਲੋ ਗਿਆ, ਉਥੇ ਖੜੇ ਹੁੰਦੇ ਹੋਏ ਉਹ ਮਿਸਰੀਆਂ ਲਈ ਹਨੇਰਾ ਸੀ, ਜਿਹੜੇ ਆ ਰਹੇ ਸਨ ਅਤੇ ਇਸ ਦੇ ਬਾਰੇ ਕੁਝ ਕਰਨ ਦੀ ਕੋਸ਼ਿਸ ਕਰ ਰਹੇ ਸਨ । ਉਹ ਉਨ੍ਹਾਂ ਦੇ ਲਈ

ਚਾਨਣ ਸੀ, ਨਾਲ ਨਾਲ ਚਲਣ ਲਈ । ਫਿਰ ਸਵੇਰ ਨੂੰ ਜੱਦ ਹਵਾ ਬਹੁਤ ਜਿਆਦਾ ਤੇਜ ਵੱਗਣ ਲਗੀ, ਉਸ ਰਾਤ, ਤੱਦ ਉਸ ਨੇ ਕੀ ਕੀਤਾ? ਉਹ ਇੱਕ ਅੱਗ ਦੇ ਥੰਮ੍ਹ ਦੇ ਰੂਪ ਵਿੱਚ ਆ ਗਿਆ ਸੀ ।

107 ਯਾਦ ਰੱਖਣਾ, ਉਹ ਅਜੇ ਵੀ ਉਹੀ ਅੱਗ ਦਾ ਥੰਮ੍ਹ ਹੈ । ਹਾਂ, ਸ਼੍ਰੀ ਮਾਨ । ਜੱਦ ਉਹ ਧਰਤੀ ਉੱਤੇ ਸੀ, ਉਸਨੇ ਕਿਹਾ, “ਮੈਂ ਪਰਮੇਸ਼ੁਰ ਤੋਂ ਆਇਆ ਹਾਂ ਅਤੇ ਪਰਮੇਸ਼ੁਰ ਕੋਲ ਜਾਂਦਾ ਹਾਂ” ।

108 ਅਤੇ ਉਸਦੀ ਮੌਤ, ਦਫ਼ਨਾਏ ਜਾਣ, ਪੁਨਰ-ਉਥਾਨ ਅਤੇ ਸਵਰਗ ਉਠਾਏ ਜਾਣ ਦੇ ਬਾਅਦ; ਸੰਤ ਪੌਲੂਸ ਦੰਮਿਸਕ ਦੇ ਰਾਹ ਤੇ ਸੀ, ਉਸ ਅੱਗ ਦੇ ਥੰਮ੍ਹ ਨੇ ਉਸ ਨੂੰ ਹੇਠਾਂ ਡੇਗ ਦਿੱਤਾ । ਯਾਦ ਰੱਖਣਾ, ਉਹ ਇੱਕ ਇਬਰਾਨੀ ਸੀ । ਉਸ ਨੇ ਇਹ ਨਾ ਕਿਹਾ ਹੁੰਦਾ…ਉਸਨੇ ਕਿਹਾ, “ਪ੍ਰਭੂ, ਤੂੰ ਕੌਣ ਹੈਂ?” ਵੱਡਾ L-o-r-d, ਇਲੋਹੀਮ । “ਤੂੰ ਕੌਣ ਹੈਂ ਜਿਸ ਨੂੰ ਮੈਂ ਸਤਾਉਂਦਾ ਹਾਂ?”

ਉਸਨੇ ਕਿਹਾ, “ਮੈਂ ਯਿਸੂ ਹਾਂ” ।

109 ਆਮੀਨ! ਹਲਲੂਯਾਹ! ਉਹ ਪਹਿਲਾ ਅਤੇ ਪਿਛਲਾ ਹੈ । ਉਹ ਅਜੇ ਵੀ ਉਹੀ ਹੈ । “ਥੋੜੇ ਚਿਰ ਪਿਛੋਂ ਜਗਤ ਮੈਨੂੰ ਫੇਰ ਨਾ ਵੇਖੇਗਾ ਪਰ ਤੁਸੀਂ ਮੈਨੂੰ ਵੇਖੋਗੇ । ਮੈਂ ਤੁਹਾਡੇ ਨਾਲ ਹੋਵਾਂਗਾ, ਏਥੋਂ ਤੱਕ ਕਿ ਤੁਹਾਡੇ ਵਿੱਚ ਹੋਵਾਂਗਾ” । ਉਹੀ ਅੱਗ ਦਾ ਥੰਮ੍ਹ, ਉਹੀ ਪਰਮੇਸ਼ੁਰ ਉਹੀ ਕੰਮ ਕਰ ਰਿਹਾ ਹੈ, ਉਹੀ ਵਾਅਦਿਆਂ ਦੇ ਨਾਲ, ਆਮੀਨ, ਉਸਦੇ ਵਚਨ ਨੂੰ ਪ੍ਰਗਟ ਕਰ ਰਿਹਾ ਹੈ । “ਕਿਆਮਤ ਅਤੇ ਜੀਵਨ ਮੈਂ ਹਾਂ । ਮੈਂ ਉਹ ਹਾਂ ਜੋ ਸੀ, ਜਿਹੜਾ ਹੈ ਅਤੇ ਜਿਹੜਾ ਆਉਣਾ ਹੈ” । ਹਾਂ, ਸ਼੍ਰੀ ਮਾਨ । ਹਾਂ ।

“ਸਾਡੇ ਪੁਰਖਿਆਂ ਨੇ ਉਜਾੜ ਵਿੱਚ ਮੰਨ ਖਾਧਾ” ।

110 ਉਸਨੇ ਕਿਹਾ, “ਉਹ, ਹਰੇਕ, ਮਰ ਗਿਆ । ਪਰ, ਮੈਂ ਹਾਂ ਸੋ ਹਾਂ” । ਮੂਸਾ…ਬਲਦੀ ਹੋਈ ਝਾੜੀ ਵਿੱਚ ਜੋ ਸੀ ਉਹ ਮੈਂ ਹਾਂ ਸੀ । ਉਹ ਅਜੇ ਵੀ ਮੈਂ ਹਾਂ ਹੈ, ਮੈਂ ਸੀ ਨਹੀਂ; ਮੈਂ ਹਾਂ, ਵਰਤਮਾਨ ਕਾਲ, ਹਰ ਸਮੇਂ ।

111 ਸਾਨੂੰ ਇਥੇ ਮਲੂਮ ਹੁੰਦਾ ਹੈ ਕਿ ਮੂਸਾ ਨੂੰ ਇਸ ਜਗ੍ਹਾ ਤੇ ਇੱਕ ਕੋਨੇ ਵਿੱਚ ਪਿਛਾਂਹ ਕਰ ਦਿੱਤਾ ਗਿਆ ਅਤੇ ਮਸੀਹ ਹੇਠਾਂ ਉੱਤਰ ਆਇਆ । ਹੁਣ, ਬਾਈਬਲ ਕਹਿੰਦੀ ਹੈ ਕਿ, ਕਿ, “ਮੂਸਾ ਨੇ ਮਸੀਹ ਦੇ ਨਮਿੱਤ ਨਿੰਦਿਆ ਜਾਣਾ ਮਿਸਰ ਦੇ ਖਜ਼ਾਨਿਆਂ ਨਾਲੋਂ ਚੰਗਾ ਜਾਣਿਆਂ” । ਮਸੀਹ ਦੇ ਨਮਿੱਤ ਨਿੰਦਿਆਂ! ਮਸੀਹ ਮਸ਼ਹ ਸੀ, ਉਹ ਲੋਗੋਸ ਸੀ ਜਿਹੜਾ ਪਰਮੇਸ਼ੁਰ ਵਿਚੋਂ ਬਾਹਰ ਨਿਕਲਿਆ ਸੀ । ਦੂਤ, ਕੋਈ ਵੀ ਬਾਈਬਲ ਪੜ੍ਹਨ ਵਾਲਾ ਜਾਣਦਾ ਹੈ ਕੀ ਉਹ ਦੂਤ ਮਸੀਹ ਸੀ । ਅਤੇ ਉਹ ਉਥੇ ਉਜਾੜ ਵਿੱਚ ਸੀ ਅਤੇ ਉਹ ਦ੍ਰਿਸ਼ ਤੇ ਆ ਗਿਆ, ਉਸ ਰੂਪ ਵਿੱਚ ਜਿਸ ਵਿੱਚ ਉਸ ਨੂੰ ਪ੍ਰਗਟ ਹੋਣਾ ਚਾਹੀਦਾ ਸੀ । ਪਰਮੇਸ਼ੁਰ ਦੀ ਮਹਿਮਾ ਹੋਵੇ!

112 ਉਹ ਅੱਜ ਵੀ ਉਹੀ ਮਸੀਹ ਉਸੇ ਰੂਪ ਵਿੱਚ ਆ ਕੇ ਉਸ ਨੂੰ ਪ੍ਰਗਟ ਕਰਦਾ ਹੈ ।

113 ਉਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਬਾਹਰ ਲੈ ਜਾਵੇਗਾ । ਉਹ ਇਹ ਕਰ ਰਿਹਾ ਸੀ । ਉਹ ਉਥੇ ਆਪਣੇ ਵਚਨ ਲਈ ਖਲੋਣ ਲਈ, ਇਸ ਨੂੰ ਪ੍ਰਮਾਣਿਤ ਕਰਨ ਲਈ ਆ ਗਿਆ । ਅਤੇ ਜੱਦ ਉਹ ਆ ਗਿਆ ਉਸ ਤੋਂ ਬਾਅਦ, ਜਿਵੇਂ ਉਸ ਨੇ ਮਾਰਥਾ ਨਾਲ ਕੀਤਾ, ਫਿਰ ਉਸ ਨੇ ਬੁਲਾਇਆ । ਉਸ ਨੇ ਕਿਹਾ, “ਮੂਸਾ, ਤੂੰ ਮੇਰੇ ਅੱਗੇ ਦੁਹਾਈ ਕਿਓਂ ਦੇ ਰਿਹਾ ਹੈਂ? ਇਨ੍ਹਾਂ ਲੋਕਾਂ ਨਾਲ ਬੋਲ ਅਤੇ ਤੂੰ ਅੱਗੇ ਜਾਹ” । ਉਹ ਹਨੇਰੀ ਘੜੀ ਵਿੱਚ, ਲਾਲ ਸਮੁੰਦਰ ਖੁਲ ਗਿਆ ਅਤੇ ਉਹ ਪਾਰ ਚਲੇ ਗਏ, ਪਰਮੇਸ਼ੁਰ ਦੇ ਵਚਨ ਨੂੰ ਪੂਰਾ ਕਰਨ ਲਈ ਆਪਣੇ ਸਫਰ ਵਿੱਚ ਚਲੇ

ਗਏ । ਹਾਂ, ਮੂਸਾ ਦੀ ਹਨੇਰੀ ਘੜੀ ਵਿੱਚ, ਤੱਦ ਯਿਸੂ ਉਸਦੇ ਨਾਲ ਆਇਆ । ਹੁਣ ਸਾਡੇ ਕੋਲ ਸਮਾਂ ਹੈ...ਅਤੇ ਉਸ ਨੇ ਮੂਸਾ ਨੂੰ ਬੁਲਾਇਆ ।

114 ਅਸੀਂ ਤੁਹਾਡਾ ਧਿਆਨ ਇੱਕ ਹੋਰ ਛੋਟੇ ਮਨੁੱਖ ਵਲ ਖਿੱਚਣਾ ਚਾਹੁੰਦੇ ਹਾਂ । ਉਸ ਦਾ ਨਾਮ ਜੈਰੂਸ ਸੀ । ਅੱਜ ਸੰਸਾਰ ਵਿੱਚ ਉਸ ਵਰਗੇ ਬਹੁਤ ਸਾਰੇ ਲੋਕ ਹਨ । ਉਹ ਇੱਕ ਗੁਪਤ ਵਿਸ਼ਵਾਸੀ ਸੀ । ਉਹ ਯਿਸੂ ਨੂੰ ਪ੍ਰੇਮ ਕਰਦਾ ਸੀ । ਉਸ ਨੇ ਉਸਦੇ ਬਾਰੇ ਸੁਣਿਆ ਸੀ । ਉਹ ਉਸ ਤੇ ਨਿਹਚਾ ਕਰਦਾ ਸੀ । ਪਰ, ਤੁਸੀਂ ਵੇਖਦੇ ਹੋ, ਉਸ ਨੇ ਪਹਿਲਾਂ ਹੀ ਆਪਣੇ ਆਪ ਨੂੰ ਇੱਕ ਸੰਸਥਾ ਵਿੱਚ ਸ਼ਾਮਿਲ ਕਰ ਲਿਆ ਸੀ । ਹਾਂ । ਉਹ–ਉਹ–ਉਹ–ਉਹ ਬੱਸ...ਉਹ ਬਾਹਰ ਆ ਕੇ ਇਸ ਦਾ ਇਕਰਾਰ ਨਹੀਂ ਕਰ ਸਕਦਾ ਸੀ । ਉਹ ਇਸ ਤੇ ਨਿਹਚਾ ਕਰਦਾ ਸੀ ਪਰ ਉਹ ਇਸ ਦਾ ਇਕਰਾਰ ਨਹੀਂ ਸੀ ਕਰ ਸਕਦਾ, ਇਸ ਲਈ ਉਹ ਅਵਿਸ਼ਵਾਸੀ ਲੋਕਾਂ ਨਾਲ ਜੁੜ ਗਿਆ ਸੀ । ਪਰ ਉਹ ਸੱਚ ਮੁੱਚ ਇਸ ਤੇ ਵਿਸ਼ਵਾਸ ਕਰਦਾ ਸੀ ।

115 ਤੁਸੀਂ ਜਾਣਦੇ ਹੋ, ਜੱਦ ਕੋਈ ਮਨੁੱਖ ਇਹੋ ਜਿਹੀ ਹਾਲਤ ਵਿੱਚ ਆ ਜਾਂਦਾ ਹੈ ਤਾਂ ਕਈ ਵਾਰ ਪਰਮੇਸ਼ੁਰ ਉਸ ਨੂੰ ਆਖਰੀ ਫੈਂਸਲਾ ਕਰਨ ਦੀ ਸਥਿਤੀ ਵਿੱਚ ਲੈ ਆਉਂਦਾ ਹੈ । ਇਹ ਤਾਂ ਸੰਕਟ ਦੀ ਘੜੀ ਹੀ ਹੁੰਦੀ ਹੈ ਜਦੋਂ ਅਸੀਂ ਆਪਣਾ ਅਸਲੀ ਰੰਗ ਵਿਖਾਉਂਦੇ ਹਾਂ ਕਿ ਅਸੀਂ ਅਸਲ ਵਿੱਚ ਕੌਣ ਹਾਂ ।

116 ਇਸ ਲਈ ਉਹ ਉਥੇ ਸੀ, ਉਹ ਪਹਿਲਾਂ ਹੀ ਅਵਿਸ਼ਵਾਸੀਆਂ ਨਾਲ ਜੁੜ ਗਿਆ ਸੀ ਅਤੇ ਉਸ ਨੇ ਜਾ ਕੇ ਆਪਣਾ ਨਾਮ ਕਿਤਾਬ ਵਿੱਚ ਲਿਖਵਾ ਲਿਆ ਸੀ ਅਤੇ ਵਗੈਰਾ ਵਗੈਰਾ । ਅਤੇ ਉਹ ਇੱਕ ਜਾਜਕ ਸੀ ਅਤੇ ਇਸ ਲਈ ਉਹ–ਉਹ ਇਕਰਾਰ ਵੀ ਨਹੀਂ ਕਰ ਸਕਦਾ ਸੀ ਕਿਓਂਕਿ ਉਹ ਉਸਦੀ ਰੋਜੀ ਰੋਟੀ ਦਾ ਸਾਧਨ ਸੀ । ਇਸ ਲਈ, ਪਰ ਉਹ ਫਿਰ ਵੀ ਮਸੀਹ ਤੇ ਵਿਸ਼ਵਾਸ ਕਰਦਾ ਸੀ ।

117 ਇੱਕ ਦਿਨ ਉਸ ਦੀ ਛੋਟੀ ਬੱਚੀ ਬੀਮਾਰ ਹੋ ਗਈ । ਹੇ ਮੇਰੇ ਪਰਮੇਸ਼ੁਰ । ਉਹ, ਕੋਈ ਸ਼ੱਕ ਨਹੀਂ ਕਿ ਮਨੁੱਖ, ਜੇ ਉਹ...ਇਸ ਤਰਾਂ, ਉਸ ਨੇ ਡਾਕਟਰ ਨੂੰ ਬੁਲਾਇਆ ਹੋਵੇਗਾ । ਡਾਕਟਰ ਆਇਆ, ਅਤੇ ਬੱਚੀ ਨੂੰ ਵੇਖਿਆ । ਉਸਦਾ ਬੁਖਾਰ ਖਰਾਬ ਤੋਂ ਖਰਾਬ ਹੁੰਦਾ ਗਿਆ । ਕੁਝ ਚਿਰ ਬਾਅਦ ਉਹ ਬਹੁਤ ਜਿਆਦਾ ਗਰਮ ਹੋ ਗਈ ਅਤੇ ਸਭ ਕੁਝ, ਅੰਤ ਵਿੱਚ ਉਹ ਮੌਤ ਦੀ ਨੋਕ ਤੇ ਆ ਗਈ । ਉਹ ਸੰਕਟ ਵਿੱਚ ਸੀ । ਉਸ ਨੂੰ ਕੁਝ ਤਾਂ ਕਰਨਾ ਸੀ । ਉਹ-ਉਹ ਬੱਸ ਨਹੀਂ ਜਾਣਦਾ ਸੀ ਕਿ ਕੀ ਕਰਨਾ ਹੈ । ਫਿਰ ਉਸ ਨੇ ਸੋਚਿਆ, "ਜੇ ਮੈਂ ਬੱਸ ਉਸ ਨੂੰ ਲੱਭ ਲਵਾਂ, ਉਹ ਜਿਥੇ ਕਿਤੇ ਵੀ ਹੈ" । ਹੁਣ ਉਸ ਨੇ ਰਾਤ ਹੋਣ ਦੀ ਉਡੀਕ ਨਹੀਂ ਕੀਤੀ ਜਿਵੇਂ ਨਿਕੁਦੇਮੁਸ ਨੇ ਕੀਤਾ ਸੀ ਤਾਂ ਕਿ ਗੁਪਤ ਵਿੱਚ ਮੁਲਾਕਾਤ ਕਰ ਸਕੇ । ਸਮਾਂ ਕਾਰਵਾਈ ਕਰਨ ਦਾ ਸੀ, ਕਾਰਵਾਈ ਕਰਨ ਦਾ ਸਮਾਂ ਆ ਗਿਆ ਸੀ ਅਤੇ ਤੱਦ ਉਸ ਨੂੰ ਕਾਰਵਾਈ ਕਰਨੀ ਹੀ ਸੀ ।

118 ਭਰਾਵੋ ਅਤੇ ਭੈਣੋ ਮੈਂ ਸੋਚਦਾ ਹਾਂ ਕਿ ਹੁਣ ਵੀ ਉਸੇ ਤਰਾਂ ਹੈ । ਕਾਰਵਾਈ ਕਰਨ ਦਾ ਸਮਾਂ ਆ ਗਿਆ ਹੈ । ਸਮਾਂ ਆ ਗਿਆ ਹੈ ਕਿ ਵਿਸ਼ਵਾਸ ਕਰੀਏ ਜਾਂ ਵਿਸ਼ਵਾਸ ਨਾ ਕਰੀਏ । ਇਹ ਛਾਂਟੀ ਦੀ ਲਕੀਰ ਹਰੇਕ ਆਦਮੀ ਅਤੇ ਔਰਤ ਕੋਲ ਆਉਂਦੀ ਹੈ । ਇਹ ਹਰੇਕ ਬੱਚੇ ਕੋਲ ਆਉਂਦੀ ਹੈ । ਕਈ ਵਾਰ ਜੱਦ ਤੁਸੀਂ ਉਸ ਲਕੀਰ ਨੂੰ ਲੰਘਦੇ ਜਾਂਦੇ ਹੋ, ਉਥੇ ਇੱਕ ਹੀ ਚੀਜ ਬੱਚ ਜਾਂਦੀ ਹੈ, ਉਹ ਨਿਆਂ ਹੈ, ਜਦੋਂ ਤੁਸੀਂ ਦਯਾ ਅਤੇ ਨਿਆਂ ਵਿਚੋਂ ਲੰਘਦੇ ਹੋ, ਜਦੋਂ ਤੁਸੀਂ ਉਸ ਲਕੀਰ ਨੂੰ ਲੰਘਦੇ ਹੋ ।

119 ਯਾਦ ਰੱਖੋ, ਉਹ ਸੰਕਟ ਵਿੱਚ ਪੈ ਗਿਆ ਸੀ। ਉਹ ਨਹੀਂ ਜਾਣਦਾ ਸੀ ਕਿ ਕੀ ਕਰਨਾ ਹੈ। ਉਥੇ ਉਸ ਦੇ ਜਾਜਕ ਖੜੇ ਸਨ, ਸਾਰੇ ਰੱਬੀ ਉਸ ਦੇ ਆਲੇ ਦੁਆਲੇ ਖੜੇ ਸਨ। ਸਾਰੀ ਸੰਗਤ ਉਸ ਦੇ ਨਾਲ ਸੀ, ਸਾਰੇ ਉਥੇ ਬੈਠੇ ਹੋਏ ਸਨ, ਉਸਦੀ ਛੋਟੀ ਬੱਚੀ ਨੂੰ ਮਰਦਿਆਂ ਹੋਇਆਂ ਵੇਖ ਰਹੇ ਸਨ। ਡਾਕਟਰ ਬਾਹਰ ਖਲੋ ਕੇ ਆਪਣੇ ਹੱਥ ਮਰੋੜ ਰਿਹਾ ਸੀ, ਆਪਣੇ ਸਿਰ ਨੂੰ ਹਿਲਾ ਰਿਹਾ ਸੀ, "ਮੈਂ ਉਹ ਹਰੇਕ ਦਵਾਈ ਉਸ ਨੂੰ ਦਿੱਤੀ ਹੈ ਜਿਹੜੀ ਮੈਂ ਜਾਣਦਾ ਸਾਂ ਅਤੇ ਅਜੇ ਵੀ..."

120 ਸਮਝੋ, ਇਹ ਯਿਸੂ ਸੀ ਜੋ ਹਰ ਸਮੇਂ ਕੰਮ ਕਰ ਰਿਹਾ ਸੀ। ਯਿਸੂ ਇਹ ਕਿਸੇ ਮਕਸਦ ਲਈ ਕਰ ਰਿਹਾ ਸੀ ਤਾਂ ਕਿ ਉਸ ਮਨੁੱਖ ਦਾ ਅਸਲੀ ਰੰਗ ਬਾਹਰ ਲਿਆ ਸਕੇ। ਕੁਝ ਚਿਰ ਬਾਅਦ, ਮੈਂ ਉਸ ਨੂੰ ਉਸਦੀ ਛੋਟੀ ਕਾਲੀ ਟੋਪੀ ਲੈਂਦੇ ਹੋਏ ਵੇਖ ਸਕਦਾ ਅਤੇ ਉਸ ਨੇ ਆਪਣੇ ਸਿਰ ਤੇ ਲਗਾ ਲਈ ਅਤੇ ਆਪਣਾ ਛੋਟਾ ਜਾਜਕ ਦਾ ਚੋਲਾ ਪਹਿਣ ਲਿਆ।

"ਤੂੰ ਕਿਥੇ ਜਾ ਰਿਹਾ ਹੈਂ?"

121 "ਮੈਂ...ਮੈਂ ਸੁਣਿਆ ਹੈ ਕਿ ਉਹ ਨਦੀ ਦੇ ਕੋਲ ਹੈ। ਮੈਂ ਉਸ ਦੇ ਪਿੱਛੇ ਜਾ ਰਿਹਾ ਹਾਂ!" ਹੇ, ਮੇਰੇ ਪਰਮੇਸ਼ੁਰ! ਉਹ ਚਲਾ ਗਿਆ!

122 ਉਸ ਸੰਕਟ ਦੀ ਘੜੀ ਵਿੱਚ, ਉਸ ਨੂੰ ਇੱਕ ਫੈਂਸਲਾ ਲੈਣਾ ਹੀ ਪੈਣਾ ਸੀ: ਜਾਂ ਤਾਂ ਆਪਣੀ ਬੱਚੀ ਨੂੰ ਮਰਨ ਦਵੇ ਜਾਂ ਉਹ ਜਾਣਦਾ ਸੀ ਕਿ ਉਹ ਵਚਨ ਦਾ ਪ੍ਰਗਟ ਹੋਣਾ ਸੀ। ਉਹ ਇੱਕ ਜਾਜਕ ਸੀ ਅਤੇ ਉਸ ਨੇ ਵਚਨ ਨੂੰ ਪੜ੍ਹਿਆ ਸੀ ਅਤੇ ਉਹ ਜਾਣਦਾ ਸੀ ਕਿ ਉਹ ਪਰਮੇਸ਼ੁਰ ਦਾ ਪ੍ਰਗਟਾਵਾ ਸੀ। ਪਰਮੇਸ਼ੁਰ ਮਸੀਹ ਦੇ ਵਿੱਚ ਸੀ, ਜਗਤ ਨੂੰ ਆਪਣੇ ਆਪ ਨਾਲ ਮਿਲਾ ਰਿਹਾ ਸੀ। ਉਹ ਇਹ ਜਾਣਦਾ ਸੀ ਅਤੇ ਉਸ ਨੂੰ ਫੈਂਸਲਾ ਲੈਣ ਲਈ ਮਜਬੂਰ ਕੀਤਾ ਗਿਆ। ਉਸ ਨੇ ਇੱਕ ਕੰਮ ਗਲਤ ਕਰਨਾ ਹੀ ਸੀ ਜਾਂ ਆਪਣੇ ਬੱਚੇ ਨੂੰ ਮਰਨ ਦਵੇ ਜਾਂ ਇਕਰਾਰ ਕਰ ਲਵੇ। ਜੱਦ ਉਹ ਉਸ ਸੰਕਟ ਵਿੱਚ ਪੈ ਗਿਆ, ਇਹ ਉਹੀ ਸਮਾਂ ਸੀ ਜੱਦ ਯਿਸੂ ਆ ਗਿਆ। ਉਹ ਉਸ ਨੂੰ ਮਿਲਣ ਲਈ ਗਿਆ। ਉਸਨੇ ਕਿਹਾ, ਉਹਨੇ ਕਿਹਾ, "ਮੈਂ ਤੇਰੇ ਨਾਲ ਜਾਵਾਂਗਾ, ਜਿਥੇ ਵੀ ਤੂੰ ਕਹੇਂਗਾ"। ਅਤੇ ਬਾਹਰ ਮਾਰਗ ਵਿੱਚ, ਇੱਕ ਜਣਾ ਨੱਸਦਾ ਹੋਇਆ ਆਇਆ, ਇਸ ਜਗ੍ਹਾ ਤੇ ਇੱਕ ਹਨੇਰੀ ਗਲ੍ਹ ਹੈ। ਉਸ ਨੇ ਆਪਣਾ ਇਕਰਾਰ ਕਰ ਲਿਆ ਸੀ ਕਿ ਉਹ ਉਸ ਤੇ ਵਿਸ਼ਵਾਸ ਕਰਦਾ ਸੀ। ਤੱਦ ਉਸ ਨੇ ਆਪਣੇ ਆਪ ਨੂੰ ਛੇਕ ਲਿਆ ਸੀ ਅਤੇ ਤੱਦ ਆਪਣੇ ਆਪ ਨੂੰ ਲੋਕਾਂ ਦੀ ਨਿਗਾਹ ਵਿੱਚ ਲੈ ਆਇਆ ਕਿ ਉਹ ਇੱਕ ਯਿਸੂ ਦਾ ਵਿਸ਼ਵਾਸੀ ਹੈ।

123 ਅਤੇ ਉਥੇ ਇਕ ਜਣਾ ਨੱਸਦਾ ਹੋਇਆ ਆਇਆ, ਕਿਹਾ, "ਕਿਸੇ ਨੂੰ ਪਰੇਸ਼ਾਨ ਨਾ ਕਰ,' ਕਿਓਂਕਿ ਤੇਰੀ ਬੱਚੀ ਪਹਿਲਾਂ ਹੀ ਮਰ ਚੁੱਕੀ ਹੈ। ਉਹ ਕਲ੍ਹ ਮਰ ਗਈ ਸੀ। ਉਹ ਪਹਿਲਾਂ ਹੀ ਮਰ ਚੁੱਕੀ ਹੈ। ਹੁਣ, ਇਸ ਤੇ ਹੋਰ ਸਮਾਂ ਬਰਬਾਦ ਨਾ ਕਰ"।

124 ਅਤੇ, ਔਹ, ਉਸਦੇ ਛੋਟੇ ਜਿਹੇ ਦਿਲ ਨੇ ਜਿਵੇਂ ਕੰਮ ਕਰਨਾ ਬੰਦ ਕਰ ਦਿੱਤਾ। ਪਰ ਉਸਨੇ ਨਿਗਾਹ ਕੀਤੀ ਅਤੇ ਯਿਸੂ ਦੀਆਂ ਉਨ੍ਹਾਂ ਅੱਖਾਂ ਨੂੰ ਵੇਖਿਆ, ਯਿਸੂ ਨੇ ਕਿਹਾ, "ਕੀ ਮੈਂ ਤੈਨੂੰ ਨਹੀਂ ਆਖਿਆ? ਨਾ ਡਰ, ਜੇ ਤੂੰ ਪਰਮੇਸ਼ੁਰ ਦੀ ਮਹਿਮਾ ਨੂੰ ਵੇਖਣਾ ਚਾਹੁੰਦਾ ਹੈਂ। ਤੂੰ ਕਾਹਤੋਂ ਡਰਦਾ ਹੈਂ? ਮੈਂ ਤੈਨੂੰ ਪਹਿਲਾਂ ਹੀ ਕਿਹਾ ਕਿ ਮੈਂ ਜਾਵਾਂਗਾ"।

125 ਉਸਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਆਵੇਗਾ। ਉਸ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕੀ ਉਹ ਇਹ ਕਰੇਗਾ ਅਤੇ ਇਥੇ ਉਹ ਇਹ ਕਰ ਰਿਹਾ ਹੈ। ਆਮੀਨ। ਉਸਨੇ

ਕਿਹਾ ਸੀ ਕਿ ਉਹ ਅੰਤ ਦੇ ਦਿਨਾਂ ਵਿੱਚ ਦ੍ਰਿਸ਼ ਤੇ ਉੱਠ ਖਲੋਵੇਗਾ ਅਤੇ ਉਹ ਕੰਮ ਕਰੇਗਾ ਜਿਵੇਂ ਉਸ ਨੇ ਕੀਤੇ ਸਨ, ਜਿਵੇਂ ਅਸੀਂ ਬੀਤੀ ਰਾਤ ਪੜ੍ਹਿਆ ਅਤੇ ਗਲਬਾਤ ਕੀਤੀ ਸੀ। ਇਥੇ ਉਹ ਇਹ ਕਰ ਰਿਹਾ ਹੈ। ਤੁਸੀਂ ਕਾਹਤੋਂ ਡਰੇ ਹੋਏ ਹੋ?

126 ਯਾਦ ਰਖਣਾ, ਜੱਦ ਉਹ ਆਇਆ ਅਤੇ ਉਸਨੇ ਮਰੇ ਹੋਇਆਂ ਨੂੰ ਬੁਲਾਇਆ। ਉਹ ਦ੍ਰਿਸ਼ ਉੱਤੇ ਆਇਆ ਅਤੇ ਉਸ ਬੱਚੀ ਨੂੰ ਮੁਰਦਿਆਂ ਵਿਚੋਂ ਬੁਲਾਇਆ।

ਬੁਢਾ ਬਰਤਿਮਈ ਇੱਕ ਸਮੇਂ ਆਪਣੀ ਸਭ ਤੋਂ ਹਨੇਰੀ ਘੜੀ ਵਿੱਚ ਸੀ।

127 ਯਿਸੂ ਉਥੇ ਸੀ, ਇੱਕ ਫੁੱਲ ਗੋਸਪਲ ਬਿਜਨੈਸ ਮੈਨ ਦੇ ਨਾਸ਼ਤੇ ਦਾ ਯਰੀਹੋ ਵਿੱਚ ਆਯੋਜਨ ਕੀਤਾ ਗਿਆ ਅਤੇ ਉਥੇ ਉਸ ਦੇ ਨਾਲ ਜ਼ੱਕੀ ਵੀ ਸੀ। ਉਹ ਉਸ ਨੂੰ ਇੱਕ ਗਲੀ ਵਿੱਚ ਇੱਕ ਰੁੱਖ ਉੱਤੇ ਮਿਲਿਆ ਸੀ। ਇਸ ਲਈ ਜਦ ਉਹ...ਅੱਛਾ, ਉਹ ਕਿਸੇ ਹੋਰ ਚੀਜ ਦਾ ਆਯੋਜਨ ਨਹੀਂ ਕੀਤਾ ਹੋਵੇਗਾ, ਮੈਨੂੰ ਪੱਕਾ ਯਕੀਨ ਹੈ। ਸਮਝੇ? ਇਸ ਲਈ ਜੱਦ ਉਹ ਉਥੇ ਆਇਆ ਅਤੇ ਉਹ ਉਸ ਨੂੰ ਮਿਲਿਆ, ਜੱਕੀ ਉਸਦੇ ਨਾਲ ਗਿਆ ਸੀ।

128 ਬੁਢਾ ਅੰਨ੍ਹਾ ਬਰਤਿਮਈ ਉਸ ਸਮੇਂ ਤੋਂ ਅੰਨ੍ਹਾਂ ਸੀ ਜਦ ਉਹ ਇੱਕ ਛੋਟਾ ਲੜਕਾ ਸੀ। ਇਸ ਲਈ ਉਸਨੇ ਸੋਚਿਆ ਕਿ ਸ਼ਾਇਦ ਯਿਸੂ ਉਸ ਦਰਵਾਜੇ ਤੋਂ ਆਵੇ ਅਤੇ ਉਹ ਉਡੀਕ ਕਰ ਰਿਹਾ ਸੀ। ਕੁਝ ਚਿਰ ਬਾਅਦ ਉਸ ਨੇ ਬਹੁਤ ਜਿਆਦਾ ਰੌਲਾ ਸੁਣਿਆ ਅਤੇ ਹਰ ਕੋਈ ਉਸ ਦੇ ਨਾਲ ਆ ਰਿਹਾ ਸੀ।

129 ਅਤੇ ਉਸਨੇ ਜਾਜਕ ਨੂੰ ਕਹਿੰਦੇ ਹੋਏ ਸੁਣਿਆ, "ਓਏ, ਓਏ, ਤੂੰ, ਤੂੰ ਜੋ ਉਸ ਪਹਾੜੀ ਉੱਤੇ ਜਾ ਰਿਹਾ ਹੈਂ! ਕੀ—ਕੀ—ਕੀ...ਅਸੀਂ ਸੁਣਿਆ ਹੈ ਕਿ ਤੂੰ ਮੁਰਦਿਆਂ ਨੂੰ ਜੁਆਲਦਾ ਹੈਂ। ਸਾਡੇ ਕੋਲ ਉਨ੍ਹਾਂ ਨਾਲ ਪੂਰੀ ਕਬਰ ਭਰੀ ਹੋਈ ਹੈ। ਜੇ ਤੂੰ ਮਸੀਹਾ ਹੈਂ, ਜੇ ਤੂੰ ਮਸੀਹਾ ਹੈਂ, ਇਥੇ ਆ ਅਤੇ ਮੁਰਦਿਆਂ ਨੂੰ ਜਿਉਂਦਾ ਕਰ"।

130 ਤੁਸੀਂ ਜਾਣਦੇ ਹੋ, ਉਹੀ ਸ਼ਤਾਨ ਅਜੇ ਵੀ ਜਿਉਂਦਾ ਹੈ, ਸਮਝੇ, ਧਰਮ ਦੇ ਰੂਪ ਵਿੱਚ, ਓਸੇ ਤਰਾਂ। ਸਮਝੇ?

131 "ਜੇ ਤੂੰ ਮਸੀਹਾ ਹੈਂ, ਅਸੀਂ...ਤੂੰ ਮੁਰਦਿਆਂ ਨੂੰ ਜੁਆਲਦਾ ਹੈਂ; ਸਾਡੇ ਕੋਲ ਉਨ੍ਹਾਂ ਨਾਲ ਪੂਰੀ ਕਬਰ ਭਰੀ ਹੋਈ ਹੈ, ਆ ਜਾ"। ਅਤੇ, ਔਹ, ਹਰ ਕੋਈ ਰੌਲਾ ਪਾ ਰਿਹਾ ਸੀ। ਕੋਈ ਜੈਕਾਰਾ ਛੱਡ ਰਿਹਾ ਸੀ, "ਨਬੀ ਦੇ ਲਈ ਹੋਸੰਨਾ!" ਕੋਈ *ਇਹ* ਰੌਲਾ ਪਾ ਰਿਹਾ ਸੀ, ਕੋਈ ਕੁਝ ਹੋਰ ਜਾਂ ਕੁਝ ਹੋਰ। ਇਸ ਤਰਾਂ ਦੀ ਉਲਝਣ ਸੀ!

132 ਇਸ ਬੂਢੇ ਅੰਨ੍ਹੇ ਬੰਦੇ ਨੇ ਸੋਚਿਆ, "ਔਹ, ਮੈਂ ਉਸ ਤੋਂ ਖੁੰਝ ਗਿਆ। ਉਹ ਉਥੇ ਆਇਆ ਸੀ ਅਤੇ ਮੈਂ ਸੋਚਿਆ ਕਿ ਉਹ ਇਥੇ ਆਵੇਗਾ। ਮੈਂ ਗਲਤ ਜਗ੍ਹਾ ਤੇ ਖੜ੍ਹਾ ਹਾਂ"। ਅਤੇ ਉਹ ਜੋਰ ਨਾਲ ਰੌਲਾ ਪਾਉਣ ਲਗਾ। ਉਸਨੇ ਸੋਚਿਆ, "ਜੇਕਰ ਉਹ ਵਚਨ ਹੈ, ਉਹ ਪਰਮੇਸ਼ੁਰ ਹੈ; ਉਸ ਨੂੰ ਹੋਣਾ ਹੀ ਚਾਹੀਦਾ ਹੈ"। ਇਸ ਲਈ, "ਹੇ ਯਿਸੂ, ਦਾਊਦ ਦੇ ਪੁੱਤ੍ਰ, ਮੇਰੇ ਤੇ ਦਯਾ ਕਰ!" ਉਸ ਸੰਕਟ ਦੀ ਘੜੀ ਵਿੱਚ, ਉਸ ਨੇ ਪੁਕਾਰਿਆ।

133 ਹੁਣ ਯਿਸੂ, ਜੇ ਤੁਸੀਂ ਧਿਆਨ ਦਿਓ, ਉਹ ਯਰੀਹੋ ਵਿੱਚ ਸੀ। ਜਿਥੇ ਉਨ੍ਹਾਂ ਕਿਹਾ ਕਿ ਉਹ ਰੁਕਿਆ ਹੋਇਆ ਸੀ, ਉਹ ਯਿਸੂ ਤੋਂ ਇੱਕ ਸੌ ਪੰਜਾਹ ਗੱਜ ਦੀ ਦੂਰੀ ਤੇ ਸੀ। ਹਜਾਰਾਂ ਲੋਕ ਉਸਦੇ ਆਲੇ ਦੁਆਲੇ ਅਫੜਾ ਤਫੜੀ ਮਚਾ ਰਹੇ ਸਨ, ਉਸ ਨੇ ਉਸ ਮਨੁੱਖ ਦੀ ਪੁਕਾਰ ਨੂੰ ਨਹੀਂ ਸੁਣਿਆ ਹੋਵੇਗਾ। ਨਹੀਂ। ਪਰ ਉਸ ਨੇ ਇਸ ਨੂੰ ਮਹਿਸੂਸ ਕੀਤਾ। ਉਹ ਰੁੱਕ ਗਿਆ।

134 ਮੈਂ ਇਨ੍ਹਾਂ ਰਾਤਾਂ ਵਿਚੋਂ ਕਿਸੇ ਇੱਕ ਵਿੱਚ ਇਹ ਪਰਚਾਰ ਕਰਨਾ ਚਾਹੁੰਦਾ ਹਾਂ: "ਅਤੇ ਫਿਰ ਯਿਸੂ ਰੁੱਕਿਆ"। ਔਹ! "ਅਤੇ ਫਿਰ ਯਿਸੂ ਰੁੱਕਿਆ"। ਔਹ!

135 ਪਰ ਜੱਦ ਯਿਸੂ ਰੁੱਕਿਆ, ਇਹ ਕੀ ਸੀ? ਉਸ ਨੇ ਉਸ ਨੂੰ ਬੁਲਾਇਆ। ਚੇਲਿਆਂ ਨੇ ਕਿਹਾ, "ਗੁਰੂ ਆ ਗਿਆ ਹੈ। ਆਪਣੇ ਆਪ ਨੂੰ ਨਾ ਥਕਾ, ਉਹ ਤੈਨੂੰ ਬੁਲਾਉਂਦਾ ਹੈ, ਉਹ ਤੈਨੂੰ ਬੁਲਾ ਰਿਹਾ ਹੈ"। ਉਸ ਨੂੰ ਉਸ ਭੀੜ ਵਿਚੋਂ ਬਾਹਰ ਬੁਲਾ ਲਿਆ।

ਉਹ ਹੁਣ ਵੀ ਉਹੀ ਕੰਮ ਕਰਦਾ ਹੈ। ਕੀ ਇਹ ਸਮਝ ਆਇਆ? ਸਮਝੇ?

136 "ਗੁਰੂ ਆਇਆ ਹੈ ਅਤੇ ਤੈਨੂੰ ਬੁਲਾਇਆ ਹੈ"। ਅਤੇ ਉਹ ਅੰਨ੍ਹੇਪਣ ਤੋਂ ਚਾਨਣ ਵਿੱਚ, ਹਨੇਰੇ ਤੋਂ ਚਾਨਣ ਵਿੱਚ ਬੁਲਾ ਰਿਹਾ ਹੈ। ਅਤੇ ਉਸ ਨੇ ਉਹਨੂੰ ਬੁਲਾਇਆ, ਮੌਤ ਤੋਂ ਜੀਵਨ ਵਿੱਚ ਪਹੁੰਚਾ ਦਿੱਤਾ। "ਗੁਰੂ ਆ ਗਿਆ ਹੈ ਅਤੇ ਤੈਨੂੰ ਬੁਲਾਉਂਦਾ ਹੈ"। ਅਤੇ ਜਦੋਂ ਉਸ ਨੇ ਉਹਨੂੰ ਬੁਲਾਇਆ, ਉਸ ਨੇ ਉਸ ਨੂੰ ਉਹਦੀ ਨਜਰ ਵਾਪਸ ਦੇ ਦਿੱਤੀ।

137 ਇੱਕ ਵਾਰ ਇੱਕ ਪਹਾੜੀ ਉੱਤੇ ਛੋਟੀ ਔਰਤ ਸੀ ਜਿਸ ਨੂੰ ਲਹੂ ਵਹਿਣ ਦੀ ਬਿਮਾਰੀ ਸੀ, ਉਸ ਨੇ ਆਪਣਾ ਸਾਰਾ ਧੰਨ ਡਾਕਟਰਾਂ ਤੇ ਖਰਚ ਕਰ ਦਿੱਤਾ ਸੀ। ਉਸ ਨੇ, ਕੋਈ ਸ਼ੱਕ ਨਹੀਂ, ਉਨ੍ਹਾਂ ਨੇ ਬਲਦਾਂ ਦੀ ਜੋੜੀ ਵੇਚ ਦਿੱਤੀ ਸੀ। ਉਨ੍ਹਾਂ ਨੇ ਖੇਤ ਵੇਚ ਦਿਤਾ ਸੀ, ਇਸ ਨੂੰ ਗਿਰਵੀ ਰੱਖਿਆ ਹੋਇਆ ਸੀ। ਉਹ ਜਿਨਾ ਵੀ ਖਰਚ ਡਾਕਟਰਾਂ ਤੇ ਕਰ ਸਕਦੇ ਸਨ ਉਨ੍ਹਾਂ ਕੀਤਾ, ਉਨ੍ਹਾਂ ਵਿਚੋਂ ਕੋਈ ਵੀ ਕੁਝ ਭਲਾ ਨਾ ਕਰ ਸਕਿਆ। ਉਸਦੀ ਹਾਲਤ ਲਗਾਤਰ ਖਰਾਬ ਤੋਂ ਖਰਾਬ ਹੁੰਦੀ ਗਈ। ਲਹੂ ਵਹਿਣ ਤੋਂ ਰੁਕਦਾ ਨਹੀਂ ਸੀ। ਇਹ ਲਗਾਤਾਰ ਹੁੰਦਾ ਰਿਹਾ ਅਤੇ ਉਹ ਕਮਜੋਰ ਅਤੇ ਕਮਜੋਰ ਹੁੰਦੀ ਗਈ।

138 ਅਤੇ ਇੱਕ ਦਿਨ, ਉਥੇ ਬਹਿ ਕੇ ਉਹ ਕੁਝ ਬੁਣ ਰਹੀ ਸੀ, ਉਸ ਪਹਾੜ ਉੱਤੋਂ ਜਿਸ ਉੱਤੇ ਉਹ ਰਹਿੰਦੀ ਸੀ ਉਸਨੇ ਹੇਠਾਂ ਵਾਦੀ ਵਿੱਚ ਵੇਖਿਆ ਅਤੇ ਇੱਕ ਬੇੜੀ ਨੂੰ ਆਉਂਦੇ ਹੋਏ ਵੇਖਿਆ। ਹਰ ਕਿਸੇ ਨੇ ਦੋੜਨਾ ਸੁਰੂ ਕਰ ਦਿੱਤਾ, "ਨਬੀ ਦੇ ਲਈ ਹੋਸੰਨਾ!"

139 ਉਸ ਨੇ ਉਸ ਦੇ ਬਾਰੇ ਸੁਣਿਆ ਸੀ। ਵਿਸ਼ਵਾਸ ਸੁਣਨ ਨਾਲ ਆਉਂਦਾ ਹੈ। ਹੁਣ ਉਸ ਨੇ ਕਿਹਾ, "ਮੈਂ ਹੇਠਾਂ ਜਾਵਾਂਗੀ ਅਤੇ ਉਸ ਨੂੰ ਇੱਕ ਵਾਰ ਵੇਖਾਂਗੀ"।

140 ਅਤੇ ਜਦੋਂ ਉਹ ਉਥੇ ਤੁਰਦੀ ਜਾ ਰਹੀ ਸੀ ਅਤੇ ਉਸਨੇ ਪਹਿਲਾਂ ਪਰਮੇਸ਼ੁਰ ਦੇ ਵਚਨ ਦੇ ਦੇਹਧਾਰੀ ਰੂਪ ਦੀ ਝਲਕ ਵੇਖੀ, ਉਸ ਦੀਆਂ ਗੱਲਾਂ ਉਸ ਅਤੇ ਹੁਲੀਏ ਬਾਰੇ ਕੁਝ ਤਾਂ ਸੀ, ਕਿ ਉਹ ਜਾਣ ਗਈ ਕਿ ਉਹ ਉਹੀ ਸੀ। ਹਾਂ, ਸ਼੍ਰੀ ਮਾਨ। "ਔਹ, ਜੇ ਮੈਂ ਕਿਸੇ ਤਰੀਕੇ ਨਾਲ ਉਸ ਦਾ ਧਿਆਨ ਖਿੱਚ ਸਕਾਂ, ਜੇ ਮੈਂ ਕਿਸੇ ਵੀ ਤਰਾਂ ਉਸ ਨੂੰ ਛੂਹ ਲਵਾਂ!" ਅਤੇ ਉਹ ਭੀੜ ਵਿਚੋਂ ਹੁੰਦੀ ਹੋਈ ਗਈ ਅਤੇ ਉਸ ਦੇ ਬਸਤਰ ਨੂੰ ਛੂਹ ਲਿਆ।

141 ਹੁਣ ਯਾਦ ਰਖੋ, ਇਹ ਉਸਦੀ ਉਂਗਲ ਨਹੀਂ ਸੀ ਜੋ ਉਸ ਨੇ ਮਹਿਸੂਸ ਕੀਤੀ। ਨਹੀਂ, ਸ਼੍ਰੀ ਮਾਨ, ਕਿਉਂਕਿ ਫਲੀਸਤੀਨੀ ਬਸਤਰ ਢਿਲੇ ਲਮਕਵੇਂ ਹੁੰਦੇ ਹਨ। ਅਤੇ ਉਹ...ਉਹ...

ਪਤਰਸ ਨੇ ਕਿਹਾ, "ਹਰ ਕਿਸੇ ਨੇ ਤੈਨੂੰ ਛੂਹਿਆ ਹੈ"।

142 ਉਸਨੇ ਕਿਹਾ, "ਪਰ ਇਹ ਇੱਕ ਵਖਰਾ ਸਪਰਸ਼ ਹੈ। ਮੈਂ ਮਹਿਸੂਸ ਕੀਤਾ ਹੈ ਕਿ ਸਮਰਥ ਮੇਰੇ ਵਿਚੋਂ ਨਿਕਲੀ ਹੈ"।

143 ਯਿਸੂ ਆ ਗਿਆ ਸੀ। ਉਸਦਾ ਧੰਨ ਜਾ ਚੁਕਾ ਸੀ, ਸਭ ਕੁਝ ਜਾ ਚੁਕਾ ਸੀ; ਪਰ ਉਸ ਹਨੇਰੀ ਘੜੀ ਵਿੱਚ ਜੱਦ ਲਹੂ ਰੁੱਕ ਨਹੀਂ ਰਿਹਾ ਸੀ, ਅਤੇ ਡਾਕਟਰ ਉਸ ਨੂੰ ਰੋਕ ਨਹੀਂ ਸਕਦੇ

ਸੀ, ਯਿਸੂ ਆ ਗਿਆ । ਅਤੇ ਉਸ ਨੇ ਕੀ ਕੀਤਾ? ਉਸ ਨੇ ਉਸ ਨੂੰ ਬੁਲਾਇਆ । ਆਲੇ ਦੁਆਲੇ ਵੇਖਿਆ ਜੱਦ ਤੱਕ ਉਸ ਨੂੰ ਲਭ ਨਾ ਲਿਆ ਅਤੇ ਉਸਨੇ ਕਿਹਾ, “ਤੈਨੂੰ ਲਹੂ ਵਹਿਣ ਦੀ ਬਿਮਾਰੀ ਸੀ, ਪਰ ਇਹ ਰੁੱਕ ਗਈ ਹੈ” ।

144 “ਉਹ ਕਲ੍ਹ, ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ” । “ਗੁਰੂ ਆ ਗਿਆ ਹੈ ਅਤੇ ਤੈਨੂੰ ਬੁਲਾਉਂਦਾ ਹੈ । ਉਹ ਆਇਆ ਹੈ ਅਤੇ ਉਸ ਨੇ ਬੁਲਾਇਆ ਹੈ” । ਉਸ ਨੇ ਉਸ ਨੂੰ ਬੁਲਾ ਕੇ ਉਸਦੀ ਸਿਹਤ ਵਾਪਸ ਦੇ ਦਿੱਤੀ ।

145 ਉਹ ਛੋਟੀ ਔਰਤ ਜਿਹੜੀ ਖੂਹ ਉੱਤੇ ਸੀ ਜਿਸ ਬਾਰੇ ਅਸੀਂ ਬੀਤੀ ਰਾਤ ਗਲ ਕੀਤੀ, ਸਾਰੀਆਂ ਉਮੀਦਾਂ ਜਾ ਚੁਕੀਆਂ ਸਨ । ਸ਼ਾਇਦ, ਹੋ ਸਕਦਾ ਹੈ ਉਸਦੇ ਪੰਜਵੇਂ ਪਤੀ ਨੇ ਉਸ ਨੂੰ ਛੱਡ ਦਿੱਤਾ ਸੀ ਅਤੇ ਉਸ ਨੇ ਛੇਵੇਂ ਨੂੰ ਉਸ ਰਾਤ ਲਿਆ ਸੀ ਅਤੇ ਉਹ—ਉਹ ਉਸਦੇ ਬਾਰੇ ਥੋੜੀ ਸ਼ੰਕਾ ਵਿੱਚ ਸੀ । ਨੈਤਿਕ ਤੌਰ ਤੇ, ਉਹ ਖਤਮ ਹੋ ਚੁਕੀ ਸੀ । ਉਹ ਇੱਕ ਅਸਲੀ ਔਰਤ ਬਣਨਾ ਚਾਹੁੰਦੀ ਸੀ; ਉਹ, ਕੋਈ ਸ਼ੱਕ ਨਹੀਂ, ਉਹ ਬਾਈਬਲ ਨੂੰ ਪੜ੍ਹਦੀ ਸੀ ।

146 ਅਤੇ ਉਹ ਉਥੇ ਜਾ ਰਹੀ ਸੀ, ਲਗਭਗ ਗਿਆਰਾਂ ਵਜੇ ਜਾ ਰਹੀ ਸੀ । ਉਹ ਸਵਖਤੇ ਨਹੀਂ ਆ ਸਕਦੀ ਸੀ ਜਿਸ ਵੇਲੇ ਧਾਰਮਿਕ ਔਰਤਾਂ ਆਉਂਦੀਆਂ ਸਨ । ਅਤੇ ਉਨ੍ਹਾਂ ਨੇ ਆਪਣਾ ਪਾਣੀ ਆਪਣੇ ਸਿਰਾਂ ਤੇ ਚੁਕਿਆ ਅਤੇ ਆਪਣੇ ਭਾਂਡੇ ਅਤੇ ਵਾਪਸ ਮੁੜ੍ਹ ਗਈਆਂ । ਅਤੇ ਇਸ ਲਈ ਉਹ ਨਹੀਂ ਆ ਸਕਦੀ ਸੀ, ਉਨ੍ਹਾਂ ਨਾਲ ਘੁਲਮਿਲ ਨਹੀਂ ਸਕਦੀ ਸੀ । ਉਨ੍ਹਾਂ ਕੋਲ ਉਨ੍ਹਾਂ ਦਿਨਾਂ ਵਿੱਚ ਭੇਦਭਾਵ ਸੀ, ਚੰਗੇ ਅਤੇ ਮਾੜੇ ਲੋਕ ਆਪਸ ਵਿੱਚ ਮੇਲਜੋਲ ਨਹੀਂ ਰਖਦੇ ਸਨ । ਬਦਚਲਨ ਔਰਤਾਂ ਆਪਣੇ ਘਰਾਂ ਵਿੱਚ ਹੀ ਰਹਿੰਦੀਆਂ ਸਨ, ਇਸ ਲਈ ਉਹ ਬਾਕੀ ਔਰਤਾਂ ਨਾਲ ਨਹੀਂ ਆ ਸਕਦੀ ਸੀ । ਉਹ ਉਸ ਨੂੰ ਆਉਣ ਨਾ ਦਿੰਦਿਆਂ । ਇਸ ਲਈ ਜੱਦ ਹਰੇਕ ਨੇ ਆਪਣਾ ਪਾਣੀ ਲਿਆ ਅਤੇ ਵਾਪਸ ਚਲੀਆਂ ਗਈਆਂ...ਉਹ ਬਿਹਤਰ ਚੀਜ ਦੇ ਲਈ ਆਈ ।

147 ਅਤੇ ਫਿਰ ਉਹ ਆਪਣੇ ਸਿਰ ਤੇ ਘੜਾ ਚੁੱਕ ਕੇ ਆਈ, ਬੇਸ਼ੱਕ ਉਹ ਜਾਂਦੀ ਹੋਈ ਸੋਚ ਰਹੀ ਸੀ, “ਹੁਣ ਮੈਂ ਜਿਸ ਆਦਮੀ ਨਾਲ ਵਿਆਹ ਕੀਤਾ ਹੈ ਜਾਂ ਕਲ ਰਾਤ ਜੋ ਮੈਨੂੰ ਮਿਲਿਆ ਹੈ । ਮੈਨੂੰ ਉਸ ਤੇ ਸ਼ੱਕ ਹੈ । ਉਹ ਇੱਕ ਆਦਮੀ ਹੈ, ਉਹ ਬਹੁਤ ਅਜੀਬ ਕੰਮ ਕਰਦਾ ਹੈ । ਮੈਂ—ਮੈਂ ਬੱਸ ਉਸਦੇ ਬਾਰੇ ਜਾਣਦੀ ਹੀ ਨਹੀਂ । ਮੇਰੇ ਕੋਲ ਕੋਈ ਮੌਕਾ ਨਹੀਂ ਹੈ । ਮੈਨੂੰ ਸਮਾਜ ਵਿਚੋਂ ਛੇਕ ਦਿੱਤਾ ਗਿਆ ਹੈ । ਅਤੇ ਮੈਂ ਉਨ੍ਹਾਂ ਗਿਰਜਿਆਂ ਵਿੱਚ ਨਹੀਂ ਜਾ ਸਕਦੀ, ਉਹ ਨਹੀਂ... ਜਰਾ ਉਨ੍ਹਾ ਵਲ ਵੇਖੋ! ਮੈਂ ਨਹੀਂ ਜਾਣਦੀ ਕਿ ਕੀ ਕਰਨਾ ਹੈ । ਮੈਂ ਸੰਕਟ ਵਿੱਚ ਹਾਂ । ਅਤੇ ਮੈਂ ਬਾਈਬਲ ਨੂੰ ਪੜ੍ਹਦੀ ਰਹੀ ਸਾਂ; ਯਕੀਨਨ, ਕਿਸੇ ਦਿਨ ਉਹ ਨਬੀ ਦ੍ਰਿਸ਼ ਉੱਤੇ ਆ ਜਾਵੇਗਾ । ਹੁਣ ਮੈਂ ਜਾਣਦੀ ਹਾਂ ਉਹਨਾਂ ਨੇ ਦਾਵਾ ਕੀਤਾ ਹੈ ਕਿ ਅਜਿਹੀ ਕੋਈ ਚੀਜ ਨਹੀਂ ਹੈ ਅਤੇ ਉਹ ਇਸ ਤਰਾਂ ਸ਼ਾਇਦ ਸੌ ਜਾਂ ਇੱਕ ਹਜਾਰ ਸਾਲ ਪਹਿਲਾਂ ਹੈ । ਅਸੀਂ ਇਸ ਦੇ ਲਈ ਹਜਾਰਾਂ ਸਾਲਾਂ ਤੋਂ ਉਡੀਕ ਰਹੇ ਹਾਂ ਅਤੇ ਇਹ ਕਦੇ ਵੀ ਨਹੀਂ ਹੋਇਆ, ਇਸ ਲਈ ਹੁਣ ਅਸੀਂ ਇਸ ਦੀ ਉਡੀਕ ਨਹੀਂ ਕਰ ਰਹੇ ਹਾਂ । ਹਰ ਕੋਈ ਇਸ ਤਰਾਂ ਹੈ, ‘ਔਹ, ਨਹੀਂ, ਸਾਡੇ ਕੋਲ ਗਿਰਜੇ ਅਤੇ ਚੀਜਾਂ ਹਨ । ਹੁਣ ਉਸ ਤਰਾਂ ਦੀ ਕਿਸੇ ਵੀ ਚੀਜ ਦੀ ਲੋੜ੍ਹ ਨਹੀਂ ਹੈ’”। ਇਸ ਲਈ ਉਹ ਇਸ ਤਰਾਂ ਸੋਚਦੀ ਹੋਈ ਜਾ ਰਹੀ ਸੀ ।

148 ਤੁਸੀਂ ਜਾਣਦੇ ਹੋ, ਜੱਦ ਤੁਸੀਂ ਉਸਦੇ ਬਾਰੇ ਸੋਚਦੇ ਹੋ, ਉਦੋਂ ਹੀ ਉਹ ਤੁਹਾਡੇ ਲਈ ਪ੍ਰਗਟ ਹੁੰਦਾ ਹੈ । ਜਿਵੇਂ ਕਲ੍ਹ ਰਾਤ ਸਾਡੇ ਕੋਲ ਸੀ, ਜਦੋਂ ਉਹ ਇੰਮਊਸ ਨੂੰ ਜਾ ਰਹੇ ਸਨ ।

149 ਜੱਦ ਉਹ ਇਹ ਗਲਾਂ ਉੱਤੇ ਵਿਚਾਰ ਕਰ ਰਹੀ ਸੀ, ਉਸਨੇ ਇੱਕ ਮਨੁੱਖ ਨੂੰ ਆਖਦੇ ਸੁਣਿਆ, “ਮੈਨੂੰ ਪਾਣੀ ਪਿਆ” ।

150 ਇਸ ਦੇ ਬਾਰੇ ਕੀ ਸੀ? ਉਸ ਦੇ ਸਭ ਤੋਂ ਹਨੇਰੀ ਘੜੀ ਵਿੱਚ, ਜੱਦ ਉਸ ਦੀ ਨੈਤਿਕਤਾ ਖਤਮ ਹੋ ਚੁੱਕੀ ਸੀ । ਸ਼ਾਇਦ ਇੱਕ ਸੁੰਦਰ ਛੋਟੀ ਔਰਤ ਇਸ ਤਰਾਂ ਜਿਉਣ ਲਈ ਗਲੀਆਂ ਵਿੱਚ ਛੱਡ ਦਿੱਤੀ ਗਈ ਸੀ । ਕਈ ਵਾਰ ਇਹ ਛੋਟੀ ਲੜਕੀ ਦਾ ਕਸੂਰ ਨਹੀਂ ਹੁੰਦਾ ਪਰ ਉਸਦੇ ਮਾਤਾ ਪਿਤਾ ਦਾ ਕਸੂਰ ਹੁੰਦਾ ਹੈ ਜੋ ਉਸ ਨੂੰ ਇਸ ਤਰਾਂ ਬਾਹਰ ਜਾਣ ਦਿੰਦੇ ਹਨ । ਅਤੇ ਉਹ ਉਥੇ ਸੀ, ਹੋ ਸਕਦਾ ਹੈ ਕਿ ਉਸਦੀਆਂ ਛੋਟੀਆਂ ਲੱਟਾਂ ਲਮਕ ਰਹੀਆਂ ਸਨ; ਉਹ ਕਮਜੋਰ ਹੋ ਗਈ ਸੀ, ਥੱਕੀ ਹੋਈ ਜਾ ਰਹੀ ਸੀ ਅਤੇ ਉਸ ਦੇ ਨਾਲ ਕਿਸੇ ਨੂੰ ਕੋਈ ਲੈਣਾ ਦੇਣਾ ਨਹੀਂ ਸੀ, ਇੱਕ ਬੱਚਾ ਅਤੇ ਸ਼ਾਇਦ ਇਸ ਦੇ ਪਿਛੇ ਇੱਕ ਬਹੁੱਤ ਵੱਡੀ ਕਹਾਣੀ ਸੀ ।

151 ਖੈਰ, ਮੈਂ ਇੱਕ ਚੀਜ ਜਾਣਦਾ ਹਾਂ, ਉਸ ਨੇ ਬਾਈਬਲ ਪੜ੍ਹੀ ਹੋਈ ਸੀ ਅਤੇ ਉਸ ਨੇ ਬਾਈਬਲ ਤੇ ਵਿਸ਼ਵਾਸ ਕੀਤਾ ਸੀ । ਅਤੇ ਉਸ ਦੇ ਦਿਲ ਵਿੱਚ ਇੱਕ ਛੋਟਾ ਜਿਹਾ ਬੀਜ ਪਿਆ ਹੋਇਆ ਸੀ, ਕਹਿ ਰਿਹਾ ਸੀ, “ਜੇ ਇਹ ਕਦੇ ਹੋਵੇਗਾ ਤਾਂ ਮੈਂ ਇਹ ਜਾਣ ਲਵਾਂਗੀ” । ਉਹ ਇਹ ਕਰਨ ਲਈ ਪਹਿਲਾਂ ਤੋਂ ਠਹਿਰਾਈ ਗਈ ਸੀ ।

152 ਉਸ ਬੂਢੇ ਯਹੂਦਾ ਵਲ ਵੇਖੋ ਜੋ ਉਥੇ ਖੜਾ ਸੀ ਅਤੇ ਜਿਸ ਤਰਾਂ ਉਹ ਕਰ ਰਿਹਾ ਸੀ । ਉਸ ਦੇ ਦਿਲ ਦੀ ਗਹਿਰਾਈ ਵਿੱਚ ਹਨੇਰਾ ਸੀ । ਉਸ ਦੇ ਕੰਮਾਂ ਵਿੱਚ ਪ੍ਰਕਾਸ਼ ਚਮਕ ਰਿਹਾ ਸੀ ਪਰ ਆਪਣੇ ਦਿਲ ਵਿੱਚ ਉਹ ਇਸ ਦਾ ਵਿਸ਼ਵਾਸ ਨਹੀਂ ਕਰਦਾ ਸੀ । ਅਤੇ ਇਥੇ ਉਹ ਸੀ... ਸਮਝੇ, ਪ੍ਰਕਾਸ਼ ਉਸ ਤੱਕ ਨਹੀਂ ਪਹੁੰਚ ਸਕਿਆ । ਪਰ ਇਥੇ ਉਹ ਔਰਤ ਸੀ, ਵਿਸ਼ਵਾਸ, ਉਸ ਨੇ ਇਸਦਾ ਵਿਸ਼ਵਾਸ ਕੀਤਾ ਪਰ ਉਸ ਦੀ ਜਿੰਦਗੀ ਵਿੱਚ ਹਨੇਰਾ ਸੀ; ਜਦੋਂ ਚਾਨਣ ਪਿਆ, ਇਸ ਨੇ ਹਨੇਰੇ ਨੂੰ ਬਾਹਰ ਕਰ ਦਿੱਤਾ । ਪਰ ਜਦੋਂ ਪ੍ਰਕਾਸ਼ ਇਥੇ ਪਿਆ, ਤਾਂ ਇਸ ਨੇ ਸਭ ਜਗ੍ਹਾ ਹਨੇਰਾ ਕਰ ਦਿੱਤਾ । ਇਹੀ ਫਰਕ ਹੈ ।

153 ਸਮਝੇ, ਉਸ ਦਾ ਜਨਮ ਇਸੇ ਉਦੇਸ਼ ਲਈ ਹੋਇਆ ਸੀ । ਉਸਨੇ ਕਿਹਾ, ਜਦੋਂ ਉਸ ਨੇ ਉਸ ਨੂੰ ਦੱਸਿਆ ਕਿ ਉਹ ਕਿੰਨੇ ਪਤੀ ਕਰ ਚੁਕੀ ਹੈ, ਉਹ...ਕੀ ਹੋਇਆ? ਉਹ ਇੱਕ ਦਮ ਉਤਸ਼ਾਹਿਤ ਹੋ ਗਈ । ਉਹ ਸੰਕਟ ਵਿੱਚ ਸੀ । ਉਸਨੇ ਕਿਹਾ, “ਸ਼੍ਰੀ ਮਾਨ, ਮੈਨੂੰ ਲਗਦਾ ਹੈ ਕਿ ਤੂੰ ਇੱਕ ਨਬੀ ਹੈਂ । ਮੈਂ ਜਾਣਦੀ ਹਾਂ ਕਿ ਜੱਦ ਮਸੀਹਾ ਆਵੇਗਾ ਤਾਂ ਉਹ ਇਹੀ ਕੰਮ ਕਰੇਗਾ” ।

154 ਫਿਰ ਉਸ ਨੇ ਉਸ ਨੂੰ ਬੁਲਾਇਆ । ਤੱਦ ਉਸ ਨੇ ਉਸ ਨੂੰ ਬੁਲਾਇਆ । “ਮੈਂ ਜੋ ਤੇਰੇ ਨਾਲ ਗਲਾਂ ਕਰਦਾ ਹਾਂ, ਉਹੀ ਹਾਂ” । ਉਸ ਨੇ ਇਸ ਨੂੰ ਪਰਮੇਸ਼ੁਰ ਦੇ ਵਚਨ ਦੁਆਰਾ ਪਛਾਣ ਲਿਆ । ਉਸ ਨੇ ਉਸ ਨੂੰ ਉਸਦੇ ਪਾਪਾਂ ਵਿਚੋਂ ਜੀਵਨ ਵਿੱਚ ਬੁਲਾ ਲਿਆ । ਅਤੇ ਉਸਦਾ ਨਾਮ ਬਾਈਬਲ ਵਿੱਚ ਹੈ ਅਤੇ ਅੱਜ ਉਸਦੇ ਕੋਲ ਅਨੰਤ ਜੀਵਨ ਹੈ ।

155 ਉਹ ਉਸੇ ਤਰਾਂ ਤੁਹਾਨੂੰ ਵੀ ਦੱਸ ਸਕਦਾ ਹੈ ਕਿਓਂਕਿ ਉਹ ਕਲ੍ਹ, ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ ।

156 ਹਾਂ, ਉਸਦੀ ਨੈਤਿਕਤਾ ਖਤਮ ਹੋ ਚੁਕੀ ਸੀ ਪਰ ਫਿਰ ਵੀ ਉਹ ਜਾਣਦੀ ਸੀ ਕਿ ਉਸ ਨੂੰ ਸਾਰਾ ਭੇਤ ਪਤਾ ਹੈ । ਉਹ ਜਾਣਦੀ ਸੀ ਕਿ ਉਸ ਨੂੰ ਮਸੀਹਾ ਹੀ ਹੋਣਾ ਚਾਹੀਦਾ ਹੈ । ਫਿਰ ਜੱਦ ਯਿਸੂ ਨੇ ਕਿਹਾ, “ਮੈਂ ਉਹੀ ਹਾਂ, ਮੈਂ ਉਹੀ ਹਾਂ,” ਉਹ ਜਾਣਦੀ ਸੀ ਕਿ ਉਹ ਸੀ ।

157 ਇੱਕ ਵਾਰ ਚੇਲੇ ਬੇੜੀ ਉੱਤੇ ਸਨ, ਸਭ ਉਮੀਦਾਂ ਜਾ ਚੁਕੀਆਂ ਸਨ। ਤੂਫਾਨ, ਉਹ ਯਿਸੂ ਤੋਂ ਬਿਨਾਂ ਦੂਰ ਚਲੇ ਗਏ ਸਨ ਅਤੇ ਤੂਫਾਨ—ਬੱਸ ਉਸੇ ਤਰਾਂ ਸੀ ਜਿਵੇਂ ਲਾਜਰ ਦੇ ਘਰ ਵਿੱਚ ਸੀ। ਸਭ ਉਮੀਦਾਂ ਜਾ ਚੁਕੀਆਂ ਸਨ। ਛੋਟੀ ਪੁਰਾਣੀ ਬੇੜੀ ਪਾਣੀ ਨਾਲ ਭਰ ਗਈ ਸੀ। ਅਤੇ ਉਹ ਰੌਲਾ ਪਾ ਰਹੇ ਸਨ ਅਤੇ ਰੋ ਰਹੇ ਸਨ ਅਤੇ ਸ਼ਾਇਦ ਪ੍ਰਾਰਥਨਾ ਕਰ ਰਹੇ ਸਨ ਅਤੇ ਜਾ ਰਹੇ ਸਨ ਅਤੇ ਬਿਜਲੀ ਲਿਸ਼ਕ ਰਹੀ ਸੀ ਅਤੇ ਬੇੜੀ ਪਾਣੀ ਨਾਲ ਭਰ ਗਈ ਸੀ, ਬੇੜੀ ਦਾ ਖੰਭਾ ਡਿੱਗ ਗਿਆ ਸੀ, ਚੱਪੂ ਟੁੱਟ ਗਏ ਅਤੇ ਇੱਕ ਦੂਜੇ ਨੂੰ ਫੜ੍ਹ ਕੇ ਰੋ ਰਹੇ ਸਨ।

158 ਅਤੇ ਉਸ ਵਾਸਤਵਿਕ ਹਨੇਰੀ ਘੜੀ ਵਿੱਚ, ਤੱਦ ਯਿਸੂ ਚੱਲਦਾ ਹੋਇਆ ਆਇਆ। ਪਰ ਉਹ ਉਨ੍ਹਾਂ ਨੂੰ ਇੱਕ ਪਰਛਾਂਵੇ ਜਿਹਾ ਦਿੱਸਿਆ। ਉਹ ਇੱਕ ਆਤਮਾ ਵਾਂਗ ਡਰਾਉਣਾ ਲੱਗ ਰਿਹਾ ਸੀ ਅਤੇ ਉਹ ਡਰ ਨਾਲ ਚੀਕਾਂ ਮਾਰਣ ਲਗੇ।

159 ਅੱਜ ਵੀ ਇਹੀ ਮੱਸਲਾ ਹੈ। ਯਿਸੂ ਤੁਹਾਡੀ ਹਨੇਰੀ ਘੜੀ ਵਿੱਚ ਆਉਂਦਾ ਹੈ ਅਤੇ ਤੁਸੀਂ ਇਸ ਤੋਂ ਡਰਦੇ ਹੋ। ਤੁਸੀਂ ਨਹੀਂ ਜਾਣਦੇ ਕਿ ਇਹ ਕੀ ਹੈ।

160 ਉਹ ਨਹੀਂ ਜਾਣਦੇ ਸਨ ਕਿ ਉਹ ਕੀ ਸੀ। ਉਨ੍ਹਾਂ ਕਿਹਾ, "ਹਾਏ, ਇਹ ਇੱਕ ਭੂਤ ਹੈ!" ਉਹ ਰੌਲਾ ਪਾ ਰਹੇ ਸਨ।

161 ਅਤੇ ਫਿਰ ਉਸ ਨੇ ਉਨ੍ਹਾਂ ਨੂੰ ਬੁਲਾਇਆ, ਕਿਹਾ, "ਨਾ ਡਰੋ, ਇਹ ਮੈਂ ਹਾਂ"। ਸਭ ਤੋਂ ਹਨੇਰੀ ਘੜੀ ਵਿੱਚ ਉਨ੍ਹਾਂ ਦੀ ਮੱਦਦ ਲਈ ਯਿਸੂ ਆ ਗਿਆ। ਉਹ ਹਮੇਸ਼ਾ ਇਸੇ ਤਰਾਂ ਕਰਦਾ ਹੈ, ਸਭ ਤੋਂ ਹਨੇਰੀ ਘੜੀ ਵਿੱਚ ਆਉਂਦਾ ਹੈ। ਤੱਦ ਯਿਸੂ ਆਇਆ ਅਤੇ ਆਪਣੇ ਆਪ ਨੂੰ ਪ੍ਰਗਟ ਕੀਤਾ, ਅਤੇ ਉਨ੍ਹਾਂ ਕੋਲ ਆਇਆ।

ਪਤਰਸ ਨੇ ਕਿਹਾ, "ਜੇ ਇਹ ਤੂੰ ਹੈਂ ਤਾਂ ਮੈਨੂੰ ਪਾਣੀ ਉੱਤੇ ਆਉਣ ਦੀ ਆਗਿਆ ਦੇ"।

ਯਿਸੂ ਨੇ ਕਿਹਾ, "ਆ"।

162 ਕੀ ਤੁਸੀਂ ਜਾਣਦੇ ਹੋ, ਮਿੱਤਰੋ? ਛੇਤੀ ਹੀ ਉਹ ਅੰਤ ਦੇ ਦਿਨਾਂ ਵਿੱਚ ਉਨ੍ਹਾਂ ਦੇ ਲਈ ਆਵੇਗਾ। ਹੁਣ, ਕੀ ਇਹ ਅਜੀਬ ਨਹੀਂ ਹੈ ਕਿ ਕਲੀਸਿਯਾ ਫਿਰ ਤੋਂ ਇਸ ਹਨੇਰੀ ਘੜੀ ਵਿੱਚ ਚਲੀ ਗਈ ਹੈ?

163 ਮੈਂ ਇਥੇ ਕੁਝ ਕਹਿਣ ਜਾ ਰਿਹਾ ਹਾਂ। ਇਹ ਇੱਕ ਸਿਧਾਂਤ ਨਹੀਂ ਹੈ। ਮੈਂ ਸਿਰਫ ਭਵਿੱਖਬਾਣੀ ਕਰ ਰਿਹਾ ਹਾਂ। ਤੁਸੀਂ ਜਾਣਦੇ ਹੋ ਕੀ ਹੋਇਆ? ਇਹ ਕਿਸੇ ਜਗ੍ਹਾ ਤੇ ਆਉਣ ਵਾਲਾ ਹੈ, ਛੇਤੀ ਹੀ, ਮੇਰੇ ਸ਼ਬਦਾਂ ਨੂੰ ਯਾਦ ਰੱਖਣਾ ਕਿ ਸਾਰੀਆਂ ਫਿਰਕਾਪ੍ਰਸ਼ਤ ਸੰਸਥਾਵਾਂ ਵਿਸ਼ਵ-ਵਿਆਪੀ ਸਭਾ ਨਾਲ ਜੁੜ੍ਹਣ ਜਾ ਰਹੀਆਂ ਹਨ। ਇਸ ਲਈ, ਉਥੇ ਇੱਕ ਬਾਈਕਾਟ ਹੋਵੇਗਾ ਅਤੇ ਕੋਈ ਵੀ ਇਨ੍ਹਾਂ ਗਿਰਜਿਆਂ ਵਿੱਚ ਨਹੀਂ ਜਾ ਸਕੇਗਾ ਜਾਂ ਕਿਸੇ ਵੀ ਗਿਰਜੇ ਵਿੱਚ ਨਹੀਂ ਜਾਵੇਗਾ; ਜੱਦ ਤੱਕ ਤੁਹਾਡੇ ਕੋਲ ਤੁਹਾਡੀ ਆਪਣੀ ਕਲੀਸਿਯਾ ਦੀ ਛਾਪ ਨਾ ਹੋਵੇ, ਤੁਸੀਂ ਖਰੀਦ ਜਾਂ ਵੇਚ ਨਹੀਂ ਸਕੋਗੇ। ਤੁਸੀਂ ਇਸ ਨੂੰ ਉਸੇ ਤਰਾਂ ਵੇਖ ਰਹੇ ਹੋ ਜਿਸ ਤਰਾਂ ਇਹ ਸੀ, ਇਸ ਲਈ ਇਹ ਦੁਬਾਰਾ ਹੋਵੇਗਾ, ਪਸ਼ੂ ਦੀ ਇੱਕ ਛਾਪ। ਅਤੇ ਕਲੀਸਿਯਾ, ਜਿਹੜੇ ਆਤਮਿਕ ਲੋਕ ਹਨ ਉਨ੍ਹਾਂ ਨੂੰ ਇਹ ਅਹਿਸਾਸ ਹੋ ਰਿਹਾ ਹੈ।

164 ਅਤੇ ਤੁਸੀਂ ਪੈਂਟੀਕਾਸਟਲ ਲੋਕ ਵੀ ਕਿਸੇ ਤਰਾਂ ਇਸ ਨੂੰ ਪਛਾਣ ਰਹੇ ਹੋ। ਤੁਸੀਂ ਇਸ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ। ਜਦੋਂ ਤੁਹਾਡੀਆਂ ਕਲੀਸਿਯਾਵਾਂ, ਪੈਂਟੀਕਾਸਟਲਾਂ ਦੀਆਂ ਬਹੁਤ ਸਾਰੀਆਂ ਸੰਸਥਾਵਾਂ; ਅਤੇ ਮੈਨੂੰ ਤੁਹਾਡੇ ਨਾਮ ਲੈਣ ਦੀ ਲੋੜ੍ਹ ਨਹੀਂ ਹੈ ਪਰ ਤੁਸੀਂ ਠੀਕ ਇਸ ਵੇਲੇ ਜਾਣਦੇ ਹੋ ਕਿ ਉਹ—ਉਹ ਇਸ ਵਿੱਚ ਆ ਰਹੇ ਹਨ। ਉਨ੍ਹਾਂ ਗਵਾਹੀ ਦਿੱਤੀ

ਹੈ ਕਿ ਉਹ ਆ ਰਹੇ ਹਨ। ਅਤੇ ਜੱਦ ਤੁਸੀਂ ਇਹ ਕਰਦੇ ਹੋ, ਤਾਂ ਤੁਹਾਡੇ ਕੋਲ ਕਰਨ ਲਈ ਕੀ ਹੋਵੇਗਾ? ਤੁਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਆਪਣੀ ਖੁਸ਼ਖਬਰੀ ਦੀ ਸਿੱਖਿਆ ਦਾ ਅਧਿਕਾਰ ਗੁਆਉਣ ਜਾ ਰਹੇ ਹੋ। ਤੁਸੀਂ ਆਪਣੇ ਬਾਈਬਲ ਦੇ ਸਿਧਾਂਤ ਨੂੰ ਗੁਆਉਣ ਜਾ ਰਹੇ ਹੋ।

165 ਅਤੇ ਮੈਂਬਰ ਇਸ ਦੇ ਲਈ ਖੜੇ ਹੋਣ ਵਾਲੇ ਨਹੀਂ ਹਨ। ਵਾਸਤਵਿਕ ਨਵੇਂ ਸਿਰਿਓਂ ਜਨਮ ਪਾਏ ਮਸੀਹ ਪਹਿਲਾਂ ਮਰਣਗੇ। ਉਨ੍ਹਾਂ ਨੂੰ ਵਚਨ ਦੁਆਰਾ ਚੇਤਾਵਨੀ ਦਿੱਤੀ ਗਈ ਹੈ। ਉਹ ਜਾਣਦੇ ਹਨ ਕਿ ਇਹ ਚੀਜ ਆ ਰਹੀ ਹੈ। ਹਾਂ, ਸ਼੍ਰੀ ਮਾਨ।

166 ਅਤੇ ਕੀ ਇਹ ਅਜੀਬ ਨਹੀਂ ਹੈ? ਅਤੇ ਠੀਕ ਹਨੇਰੀ ਘੜੀ ਵਿੱਚ, ਤੱਦ ਯਿਸੂ ਆਉਂਦਾ ਹੈ ਅਤੇ ਉਨ੍ਹਾਂ ਨੂੰ ਬੁਲਾਉਂਦਾ ਹੈ, ਕਿਹਾ, "ਨਾ ਡਰੋ। ਮੈਂ ਹਾਂ। ਮੈਂ ਅਜੇ ਵੀ ਤੁਹਾਡੇ ਨਾਲ ਹਾਂ। ਮੈਂ ਆਪਣੇ ਵਚਨ ਨੂੰ ਪ੍ਰਗਟ ਕਰਨ ਲਈ ਇਥੇ ਹਾਂ"। ਜਿਵੇਂ ਉਹ ਉਦੋਂ ਸੀ, ਹੁਣ ਵੀ ਉਹ ਉਸੇ ਤਰਾਂ ਹੈ। ਉਸਨੇ ਕਿਹਾ ਕਿ ਉਹ ਇਹ ਕਰੇਗਾ। ਹੇ, ਮੇਰੇ ਪਰਮੇਸ਼ੁਰ! ਗੁਰੂ ਆਇਆ ਹੈ ਅਤੇ ਸਾਨੂੰ ਬੁਲਾਉਂਦਾ ਹੈ।

167 ਇਥੇ ਬਹੁਤ ਸਾਰੇ ਬਿਮਾਰ ਲੋਕ ਹਨ, ਕੋਈ ਸ਼ੱਕ ਨਹੀਂ ਕਿ ਉਹ ਇਥੇ ਬੈਠੇ ਹੋਏ ਹਨ ਅਤੇ ਡਾਕਟਰ ਨੇ ਤੁਹਾਨੂੰ ਦੱਸਿਆ ਹੈ ਕਿ ਤੁਹਾਡੇ ਲਈ ਕੋਈ ਉਮੀਦ ਨਹੀਂ ਹੈ। ਹੋ ਸਕਦਾ ਹੈ ਤੁਸੀਂ ਆਪਣੀ ਸਭ ਤੋਂ ਹਨੇਰੀ ਘੜੀ ਵਿੱਚ ਹੋ ਪਰ ਯਾਦ ਰੱਖਣਾ, ਗੁਰੂ ਆ ਗਿਆ ਹੈ ਅਤੇ ਤੁਹਾਨੂੰ ਬੁਲਾਇਆ ਹੈ।

168 ਅਤੇ ਕਿਸੇ ਦਿਨ, ਕਿਸੇ ਦਿਨ, ਗੁਰੂ ਆਉਣ ਵਾਲਾ ਹੈ ਅਤੇ ਮੇਮਨੇ ਦੀ ਜੀਵਨ ਦੀ ਪੁਸਤਕ ਵਿੱਚ ਲਿਖੇ ਹਰੇਕ ਨਾਮ ਨੂੰ ਬੁਲਾਵੇਗਾ। ਜੇ ਤੁਹਾਡਾ ਨਾਮ ਉਥੇ ਨਹੀਂ ਹੈ, ਤਾਂ ਹੁਣੇ ਹੀ ਇਸ ਨੂੰ ਉਥੇ ਦਰਜ ਕਰ ਲਵੋ, ਕਿਓਂਕਿ ਉਹ ਆਉਣ ਵਾਲਾ ਹੈ ਅਤੇ ਬੁਲਾਵੇਗਾ। ਜਿਹੜੇ ਕਬਰ ਵਿੱਚ ਹਨ ਉਹ ਵੀ ਉਸਦੀ ਆਵਾਜ਼ ਨੂੰ ਸੁਣਨਗੇ ਅਤੇ ਵਾਪਸ ਜਿਉਣ ਵਿੱਚ ਆ ਜਾਣਗੇ। ਗੁਰੂ ਆਵੇਗਾ ਅਤੇ ਤੁਹਾਨੂੰ ਬੁਲਾਵੇਗਾ। ਅਤੇ ਅੱਜ ਜੱਦ ਉਹ ਬੁਲਾ ਰਿਹਾ ਹੈ, ਉੱਤਰ ਦਿਓ ਅਤੇ ਉਸ ਦਿਨ ਦੇ ਲਈ ਤਿਆਰੀ ਕਰੋ, ਇਹ ਮੇਰੀ ਤੁਹਾਡੇ ਲਈ ਸਲਾਹ ਹੈ।

169 ਇਸ ਯੁੱਗ ਦੇ ਲਈ ਵਾਅਦਾ ਹੈ, ਉਸਨੇ ਵਾਅਦਾ ਕੀਤੀ ਸੀ ਕਿ ਉਹ ਇਥੇ ਹੋਵੇਗਾ। ਜੋ ਕੰਮ ਉਸਨੇ ਕੀਤੇ, ਉਹ ਦੁਬਾਰਾ ਕਰੇਗਾ, ਅਤੇ ਹੁਣ ਫਿਰ ਗੁਰੂ ਦੁਬਾਰਾ ਆਇਆ ਹੈ ਅਤੇ ਤੁਹਾਨੂੰ ਬੁਲਾਉਂਦਾ ਹੈ।

170 ਆਓ ਆਪਣੇ ਸਿਰਾਂ ਨੂੰ ਝੁਕਾਈਏ। ਮੇਰੇ ਕੋਲ ਲਗਭਗ ਛੇ ਪੰਨੇ ਹੋਰ ਪਏ ਹਨ ਪਰ ਮੈਂ—ਹੁਣ ਮੈਂ ਉਨ੍ਹਾਂ ਵਲ ਨਹੀਂ ਜਾ ਸਕਦਾ। ਆਓ ਆਪਣੇ ਸਿਰਾਂ ਨੂੰ ਝੁਕਾਈਏ। ਮੈਂ ਵਾਅਦਾ ਕੀਤਾ ਸੀ ਕਿ ਤੁਹਾਨੂੰ ਛੇਤੀ ਛੱਡ ਦੇਵਾਂਗਾ ਅਤੇ ਪਹਿਲਾਂ ਹੀ ਸਵਾ…

171 ਸਵਗਰੀ ਪਿਤਾ, ਹੇ ਪ੍ਰਭੂ, ਇਸ ਨੂੰ ਫਿਰ ਤੋਂ ਹੋਣ ਦੇ। ਇਹ ਸਭ ਗਲਾਂ ਜੋ ਮੈਂ ਕਹੀਆਂ ਹਨ, "ਯਿਸੂ ਆ ਗਿਆ ਹੈ ਅਤੇ ਤੁਹਾਨੂੰ ਬੁਲਾਉਂਦਾ ਹੈ"। ਜੱਦ ਉਹ ਆਉਂਦਾ ਹੈ ਤਾਂ ਕੀ ਕਰਦਾ ਹੈ? ਉਹ ਬੁਲਾਉਂਦਾ ਹੈ। ਅਤੇ ਇਸ ਨੂੰ ਫਿਰ ਤੋਂ ਹੋਣ ਦੇ ਪ੍ਰਭੂ। ਆਪਣੀ ਪਵਿੱਤਰ ਆਤਮਾ ਨੂੰ ਅੱਜ ਰਾਤ ਲੋਕਾਂ ਵਿੱਚ ਆਉਣ ਦੇ, ਪ੍ਰਭੂ ਯਿਸੂ ਆਤਮਾ ਦੇ ਰੂਪ ਵਿੱਚ। ਅੱਜ ਰਾਤ ਉਸ ਨੂੰ ਆਉਣ ਦੇ ਅਤੇ ਆਪਣੇ ਆਪ ਨੂੰ ਪ੍ਰਗਟ ਕਰਨ ਦੇ ਅਤੇ ਤੱਦ ਆਪਣੇ ਆਪ ਨੂੰ ਜ਼ਾਹਰ ਕਰਨ ਦੇ। ਜਿਵੇਂ ਉਨ੍ਹਾਂ ਲੋਕਾਂ ਨੇ, ਜਿਵੇਂ ਉਨ੍ਹਾਂ ਵਿਸ਼ਵਾਸ ਕੀਤਾ, ਅਸੀਂ ਵੀ ਵਿਸ਼ਵਾਸ ਕਰਦੇ ਹਾਂ, ਪ੍ਰਭੂ। ਹੋ ਸਕਦਾ ਹੈ ਇਥੇ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੂੰ ਕਦੇ ਵੀ ਇਹ ਮੌਕਾ ਨਹੀਂ ਮਿਲਿਆ।

ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਅੱਜ ਰਾਤ ਤੂੰ ਉਨ੍ਹਾਂ ਨੂੰ ਇਹ ਬਖ਼ਸ ਦੇ। ਅਸੀਂ ਇਹ ਪਰਮੇਸ਼ੁਰ ਦੀ ਮਹਿਮਾ ਲਈ, ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

172 ਇਹ ਠੀਕ ਹੈ, ਭੈਣ, ਪਰ ਉਸ ਦੇ ਨਾਲ ਅੱਗੇ ਜਾਓ। ਇਹ ਵਧੀਆ ਹੈ। ਠੀਕ ਅੱਗੇ ਚਲੇ ਜਾਓ। ਔਹ, ਹਰ ਕੋਈ ਖਾਮੋਸ਼ ਹੈ।

173 ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਆ ਗਿਆ ਹੈ? ਉਹ ਆ ਗਿਆ ਹੈ। ਕੀ ਉਹ ਅਜੇ ਵੀ ਬੁਲਾਉਂਦਾ ਹੈ ਜੱਦ ਉਹ ਆਉਂਦਾ ਹੈ? ਹੁਣ ਜੇ ਤੁਸੀਂ ਸਿਰਫ ਵਿਸ਼ਵਾਸ ਕਰੋ। ਜੇ ਤੁਸੀਂ ਸਿਰਫ ਪਰਮੇਸ਼ੁਰ ਦੇ ਵਚਨ ਤੇ ਵਿਸ਼ਵਾਸ ਕਰੋ ਤਾਂ ਪਰਮੇਸ਼ੁਰ ਇਹ ਦੇ ਦਵੇਗਾ।

174 ਹੁਣ ਵੇਖੋ, ਮੇਰੇ ਕੋਲ ਇਥੇ ਪ੍ਰਾਰਥਨਾ ਦੀ ਕਤਾਰ ਬੁਲਾਉਣ ਦਾ ਸਮਾਂ ਨਹੀਂ ਹੈ। ਜੇ ਪਰਮੇਸ਼ੁਰ ਨੇ ਚਾਹਿਆ ਤਾਂ ਮੈਂ ਅੱਜ ਰਾਤ ਉਨ੍ਹਾਂ ਨੂੰ ਬਾਹਰ ਬੁਲਾਉਣ ਵਾਲਾ ਹਾਂ। ਗੁਰੂ ਆ ਗਿਆ ਹੈ। ਉਹ ਅੰਤ ਦੇ ਦਿਨ ਵਿੱਚ ਆਪਣੇ ਵਚਨ ਨੂੰ ਪੂਰਾ ਕਰਨ ਲਈ ਆਇਆ ਹੈ। ਅਤੇ ਜੋ ਉਹ ਉਦੋਂ ਸੀ, ਅੱਜ ਵੀ ਉਹੀ ਹੈ। ਜੋ ਉਸਦਾ ਪ੍ਰਗਟਾਵਾ ਜਾਂ ਪਛਾਣ ਉਦੋਂ ਸੀ, ਅੱਜ ਵੀ ਹੈ ਕਿਓਂਕਿ ਉਹ ਅਜੇ ਵੀ ਪਰਮੇਸ਼ੁਰ ਦਾ ਵਚਨ ਹੈ। ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ" ।—ਸੰਪਾਦਕ।] ਅਤੇ ਪਰਮੇਸ਼ੁਰ ਦਾ ਵਚਨ ਵਿਚਾਰਾਂ ਅਤੇ ਦਿਲ ਦੀ ਮਨਸਾ ਨੂੰ ਜਾਂਚ ਲੈਂਦਾ ਹੈ। ਅਤੇ ਜਿਸ ਤਰਾਂ ਉਸ ਨੇ ਉਦੋਂ ਕੀਤਾ, ਉਸਨੇ ਹਮੇਸ਼ਾ ਉਸੇ ਤਰਾਂ ਹੀ ਕੀਤਾ ਹੈ। ਉਹ ਅਜੇ ਵੀ ਉਹੀ ਹੈ। ਜੇ ਉਹ ਹੁਣੇ ਹੀ ਉਸੇ ਤਰਾਂ ਕਰੇ ਤਾਂ ਕੀ ਤੁਸੀਂ ਉਸ ਤੇ ਵਿਸ਼ਵਾਸ ਕਰੋਗੇ? ਕੀ ਇਹ ਤੁਹਾਨੂੰ ਉਸ ਤੇ ਵਿਸ਼ਵਾਸ ਕਰਨ ਲਾਵੇਗਾ?

175 ਤੁਸੀਂ ਲੋਕ ਜੋ ਉਥੇ ਹੋ, ਪਹਿਲਾਂ ਮੈਨੂੰ ਵੇਖ ਲੈਣ ਦਿਓ ਅਤੇ ਵੇਖਣ ਦਿਓ ਕਿ ਕੋਈ ਹੈ ਜਿਸ ਨੂੰ ਮੈਂ ਜਾਣਦਾ ਹਾਂ, ਕੋਈ ਹੈ ਜੋ ਇਥੇ ਕਿਤੇ ਬੈਠਾ ਹੋਇਆ ਹੈ ਜਿਸ ਨੂੰ ਮੈਂ ਜਾਣਦਾ ਹਾਂ।

176 ਸਭ ਜੋ ਆਲੇ ਦੁਆਲੇ ਬੈਠੇ ਹੋਏ ਹਨ, *ਇਥੇ* ਉਪਰ ਹਨ, ਜੋ ਮੈਨੂੰ ਨਹੀਂ ਜਾਣਦੇ, ਆਪਣੇ ਹੱਥ ਨੂੰ ਉਪਰ ਕਰੋ; ਤੁਸੀਂ ਜਾਣਦੇ ਹੋ ਕਿ ਮੈਂ ਤੁਹਾਡੇ ਬਾਰੇ ਕੁਝ ਵੀ ਨਹੀਂ ਜਾਣਦਾ ਅਤੇ ਤੁਸੀਂ ਬੀਮਾਰ ਹੋ ਤਾਂ ਆਪਣੇ ਹੱਥਾਂ ਨੂੰ ਉਪਰ ਚੁੱਕੋ। ਮੇਰਾ ਅੰਦਾਜਾ ਹੈ ਕਿ ਹਰ ਕੋਈ। ਸਭ ਠੀਕ ਹੈ, ਹੁਣ, ਤੁਸੀਂ ਵਿਸ਼ਵਾਸ ਕਰੋ। ਤੁਸੀਂ ਬੱਸ ਪੂਰੇ ਦਿਲ ਨਾਲ ਵਿਸ਼ਵਾਸ ਕਰੋ। ਸ਼ੱਕ ਨਾ ਕਰੋ। ਭਰੋਸ਼ਾ ਰੱਖੋ। ਪਰਮੇਸ਼ੁਰ ਤੇ ਨਿਹਚਾ ਕਰੋ।

177 ਮੈਂ ਤੁਹਾਨੂੰ ਸ਼ਾਂਤੀ ਨਾਲ ਬੈਠੇ ਰਹਿਣ ਲਈ ਕਹਿਣ ਵਾਲਾ ਹਾਂ। ਹੁਣ ਇੱਧਰ ਉੱਧਰ ਨਾ ਹਿਲੋ, ਕਿਰਪਾ ਕਰਕੇ ਨਾ ਕਰੋ। ਸਮਝੇ? ਸਮਝੇ? ਤੁਸੀਂ ਇੱਕ—ਇੱਕ ਪ੍ਰਾਣ, ਸ਼ਰੀਰ ਅਤੇ ਆਤਮਾ ਹੋ। ਅਤੇ ਤੁਹਾਡੀ ਆਤਮਾ...ਅਤੇ ਪਵਿੱਤਰ ਆਤਮਾ ਬਹੁਤ ਸੰਵੇਦਨਸ਼ੀਲ ਹੈ।

178 ਕਿੰਨੇ ਲੋਕਾਂ ਨੂੰ ਯਾਦ ਹੈ, ਬਹੁਤ ਸਾਲ ਪਹਿਲਾਂ, ਪਵਿੱਤਰ ਆਤਮਾ, ਜਦੋਂ ਮੈਂ ਇਥੇ ਆਇਆ ਅਤੇ ਤੁਹਾਨੂੰ ਦੱਸਿਆ? ਜਦੋਂ ਮੈਂ ਲੋਕਾਂ ਦੇ ਹੱਥ ਨੂੰ ਫੜ੍ਹਦਾ ਸੀ, ਉਹ ਮੈਨੂੰ ਦੱਸਦਾ ਸੀ ਕਿ ਭੇਤ ਆਵੇਗਾ ਅਤੇ ਫਿਰ ਮੈਂ ਅੱਗੇ ਵਧਦਾ ਸੀ? ਤੁਹਾਨੂੰ ਇਹ ਯਾਦ ਹੈ, ਉਹ ਯਾਦ ਹੈ? ਪਰ ਉਸਨੇ ਕਿਹਾ, "ਜੇਕਰ ਤੂੰ ਲੋਕਾਂ ਨੂੰ ਆਪਣੇ ਤੇ ਵਿਸ਼ਵਾਸ ਕਰਨ ਲਾ ਸਕੇਂ"। ਉਹ ਦਿਨ ਯਾਦ ਹਨ, ਬਹੁਤ ਸਾਲ ਪਹਿਲਾਂ? [ਸਭਾ ਆਖਦੀ ਹੈ, "ਆਮੀਨ" ।—ਸੰਪਾਦਕ।] ਤੁਹਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ।

179 ਮੈਂ ਇੱਕ ਮਨੁੱਖ ਨੂੰ ਵੇਖਿਆ, ਮੈਂ ਸੋਚਦਾ ਹਾਂ ਕਿ ਇਹ ਇਥੇ ਕਿਸੇ ਸਭਾ ਵਿੱਚ ਸੀ, ਠੀਕ ਉਥੇ ਬੈਠਾ ਹੋਇਆ ਸੀ। ਅਤੇ ਪਵਿੱਤਰ ਆਤਮਾ...ਮੈਂ ਜੱਦ ਪਰਚਾਰ ਕਰ ਰਿਹਾ ਸੀ ਤਾਂ ਉਸ ਨੂੰ ਵੇਖ ਰਿਹਾ ਸੀ। ਉਹ ਇੱਕ ਅਪਾਹਜ ਮਨੁੱਖ ਸੀ। ਉਸਦੀਆਂ ਬਾਹਾਂ ਹੇਠ ਫੌੜ੍ਹੀਆਂ ਸਨ

। ਅਤੇ ਜਦੋਂ ਹੀ ਮੈਂ ਬੁਲਾਉਣਾ ਸ਼ੁਰੂ ਕੀਤਾ, ਸ਼ਤਾਨ ਉਸ ਮਨੁੱਖ ਕੋਲ ਆਇਆ, ਇੱਕ ਕਾਲਾ ਸਾਇਆ । ਅਤੇ ਮੈਂ ਇਸ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ । ਉਹ ਉੱਠਿਆ ਅਤੇ ਬਾਹਰ ਚਲਾ ਗਿਆ । ਉਹ ਹਮੇਸ਼ਾ ਅਪਾਹਜ ਰਹੇਗਾ, ਸਮਝੇ । ਅਤੇ ਇਸ ਲਈ, ਉਹ, ਉਹ ਉਥੇ ਹੀ ਠੀਕ ਹੋ ਸਕਦਾ ਸੀ ਜੇਕਰ ਉਹ ਬੱਸ–ਬੱਸ…ਸਮਝੇ? ਪਰ, ਮੈਂ ਨਹੀਂ ਜਾਣਦਾ ਕਿਓਂ । ਅਤੇ ਮੇਰਾ ਅੰਦਾਜ਼ਾ ਹੈ ਕਿ ਉਸ ਨੇ ਬੱਸ ਵੈਰੀ ਨੂੰ ਸੁਣਿਆ । ਪਰ ਜੇ ਤੁਸੀਂ ਖੜੇ ਹੁੰਦੇ ਹੋ ਅਤੇ ਉਨ੍ਹਾਂ ਸਾਇਆਂ ਨੂੰ ਵੇਖੋ, ਉਹ ਚੀਜਾਂ ਕਿਸੇ ਰੂਪ ਵਿੱਚ ਹੁੰਦੀਆਂ ਹਨ, ਜਿਸ ਤਰਾਂ ਉਹ ਹਨ ਅਤੇ ਉਨ੍ਹਾਂ ਨੂੰ ਵੇਖੋ ਉਹ ਕਿਸ ਤਰਾਂ ਕੰਮ ਕਰਦੀਆਂ ਹਨ । ਸਮਝੇ, ਇਹ…

180 ਹੁਣ, ਮੈਂ ਚੰਗਾ ਨਹੀਂ ਕਰ ਸਕਦਾ । ਜਿਹੜਾ ਮਨੁੱਖ ਤੁਹਾਨੂੰ ਕਹਿੰਦਾ ਹੈ ਕਿ ਉਹ ਤੁਹਾਨੂੰ ਚੰਗਾ ਕਰ ਸਕਦਾ ਹੈ, ਉਹ ਗਲਤ ਹੈ । ਤੁਸੀਂ ਪਹਿਲਾਂ ਤੋਂ ਹੀ ਚੰਗੇ ਹੋ ਚੁੱਕੇ ਹੋ । ਪਰ, ਇਹ ਤਾਂ ਯਿਸੂ ਮਸੀਹ ਦੀ ਹਜੂਰੀ ਨੂੰ ਪਛਾਣਨਾ ਹੈ । ਹੁਣ ਜੇ ਮਾਰਥਾ ਜਾਣਦੀ ਕਿ ਉਹ ਉਸ ਨੂੰ ਫਿਰ ਤੋਂ ਵੇਖ ਸਕਦੀ ਸੀ ਅਤੇ ਉਸ ਨੂੰ ਉਸਦੀ ਮਨੋਕਾਮਨਾ ਪੂਰੀ ਹੋਵੇਗੀ ਕਿਓਂਕਿ ਉਹ ਪ੍ਰਗਟ ਵ੍ਹਚਨ ਸੀ, ਕੀ ਅਸੀਂ ਅੱਜ ਰਾਤ ਉਨਾਂ ਵਿਸ਼ਵਾਸ ਨਹੀਂ ਕਰ ਸਕਦੇ ਕਿ ਇਸ ਤੇ ਵਿਸ਼ਵਾਸ ਕਰੀਏ? ਯਕੀਨਨ ਸਾਨੂੰ ਕਰਨਾ ਚਾਹੀਦਾ ਹੈ । ਉਹ ਆ ਗਿਆ ਹੈ, ਉਸ ਨੂੰ ਪਵਿੱਤਰ ਆਤਮਾ ਦੇ ਰੂਪ ਵਿੱਚ ਹੀ ਆਉਣਾ ਚਾਹੀਦਾ ਹੈ । ਇਹੀ ਤਾਂ ਉਹ ਹੈ । ਹੁਣ ਤੁਸੀਂ ਬੱਸ ਪ੍ਰਾਰਥਨਾ ਕਰੋ ।

181 ਇਥੇ ਉਪਰ ਵੇਖੋ, ਜੇ ਮੇਰੇ ਨਾਲ ਕੋਈ ਖੜਾ ਹੁੰਦਾ, ਠੀਕ ਮੇਰੇ ਲਾਗੇ, ਬੱਸ—ਬੱਸ ਪ੍ਰਾਰਥਨਾ ਕਰ ਰਿਹਾ ਹੁੰਦਾ; ਬਹੁਤ ਸਾਰੇ ਲੋਕਾਂ ਨੂੰ ਪ੍ਰਾਰਥਨਾ ਕਰਦੇ ਹੋਏ ਵੇਖ ਰਿਹਾ ਹੁੰਦਾ, ਸਾਰੀ ਇਮਾਰਤ ਭਰੀ ਹੋਈ ਹੈ । ਤੁਹਾਨੂੰ ਬੱਸ ਇਸ ਨੂੰ ਵੇਖਣਾ ਹੈ । ਤੁਸੀਂ ਨਹੀਂ ਕਹਿ ਸਕਦੇ, "ਕਹੋ, ਭਾਈ ਬ੍ਰਾਨਹਾਮ…" ਨਹੀਂ, ਸ਼੍ਰੀ ਮਾਨ । ਮੈਂ—ਮੈਂ ਇਹ ਨਹੀਂ ਕਰ ਸਕਦਾ, ਜਿਵੇਂ ਤੁਸੀਂ ਮੇਰੇ ਲਈ ਇੱਕ ਸੁਪਨਾ ਨਹੀਂ ਵੇਖ ਸਕਦੇ, ਸਮਝੇ? ਤੁਸੀਂ ਸੁਪਨਾ ਵੇਖ ਸਕਦੇ ਹੋ । ਤੁਹਾਨੂੰ ਪਰਮੇਸ਼ੁਰ ਮੇਰੇ ਬਾਰੇ ਇੱਕ ਸੁਪਨਾ ਦੇ ਸਕਦਾ ਹੈ, ਤੁਸੀਂ ਇਹ ਵਿਸ਼ਵਾਸ ਕਰਦੇ ਹੋ ਪਰ ਤੁਸੀਂ ਇਹ ਆਪਣੇ ਆਪ ਤੋਂ ਨਹੀਂ ਕਰ ਸਕਦੇ । ਤੁਸੀਂ ਨਹੀਂ ਕਹਿ ਸਕਦੇ ਕਿ, "ਭਾਈ ਬ੍ਰਾਨਹਾਮ, ਹੁਣ ਮੈਂ ਤੁਹਾਡੇ ਬਾਰੇ ਇੱਕ ਸੁਪਣਾ ਵੇਖਣ ਜਾ ਰਿਹਾ ਹਾਂ" । ਨਹੀਂ, ਤੁਸੀਂ ਇਹ ਨਹੀਂ ਕਰ ਸਕਦੇ । ਨਾ ਹੀ ਮੈਂ ਇੱਕ ਦਰਸ਼ਨ ਵੇਖ ਸਕਦਾ ਹਾਂ । ਜੋ ਤੁਹਾਨੂੰ ਸੁਪਨਾ ਦਿੰਦਾ ਹੈ, ਉਸੇ ਨੇ ਹੀ ਇਹ ਕਰਨਾ ਹੁੰਦਾ ਹੈ । ਇਸੇ ਤਰਾਂ ਇੱਕ ਦਰਸ਼ਨ ਹੈ ।

182 ਮੈਂ ਇੱਕ ਮਨੁੱਖ ਨੂੰ ਠੀਕ ਇਥੇ ਆਖਰੀ ਕਤਾਰ ਵਿੱਚ ਬੈਠੇ ਹੋਏ ਵੇਖ ਸਕਦਾ ਹਾਂ, ਉਸ ਨੂੰ ਗਠੀਆ ਹੈ । ਜੇ ਉਹ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰੇ, ਪਰਮੇਸ਼ੁਰ ਉਸ ਨੂੰ ਗਠੀਏ ਤੋਂ ਚੰਗਾ ਕਰ ਦਵੇਗਾ । ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਇਹ ਕਰੇਗਾ, ਸ਼੍ਰੀ ਮਾਨ? ਉਥੇ ਬੈਠੇ ਹੋਏ ਮੈਕਸੀਕਨ ਮਨੁੱਖ, ਕਤਾਰ ਦੇ ਅਖੀਰ ਵਿੱਚ ਬੈਠੇ ਹੋਏ, ਕੀ ਤੁਸੀਂ ਇਹ ਵਿਸ਼ਵਾਸ ਕਰੋਗੇ? ਸਭ ਠੀਕ ਹੈ, ਸ਼੍ਰੀ ਮਾਨ ।

183 ਤੁਹਾਡੇ ਨਾਲ ਜਿਹੜੀ ਔਰਤ ਬੈਠੀ ਹੈ ਉਸ ਨੂੰ ਵੀ ਗਠੀਆ ਹੈ । ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਤੈਨੂੰ ਚੰਗਾ ਕਰੇਗਾ, ਔਰਤ? (ਕੀ *ਇਸ* ਦੇ ਨਾਲ ਗੂੰਜ ਹੋ ਰਹੀ ਹੈ? ਮੈਨੂੰ ਡਰ ਹੈ ਕਿ ਲੋਕ ਇਸ ਨੂੰ ਨਹੀਂ ਸੁਣ ਸਕਣਗੇ ।) ਤੂੰ ਕਰੇਂਗੀ? ਸਭ ਠੀਕ ਹੈ ।

184 ਉਸ ਦੂਸਰੀ ਮੈਕਸੀਕਨ ਔਰਤ ਬਾਰੇ ਕੀ ਹੈ ਜਿਹੜੀ ਉਸ ਦੇ ਨਾਲ ਬੈਠੀ ਹੋਈ ਹੈ? ਉਹ ਪੇਟ ਦੀ ਪਰੇਸ਼ਾਨੀ ਨਾਲ ਗ੍ਰਸਤ ਹੈ । ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਤੇਰੇ ਪੇਟ ਨੂੰ ਚੰਗਾ ਕਰ ਦਵੇਗਾ, ਔਰਤ?

185 ਉਸ ਨੂੰ ਇਹ ਮਿਲ ਗਿਆ । ਜਦੋਂ ਮੈਂ ਉਸ ਪ੍ਰਕਾਸ਼ ਨੂੰ ਹੇਠਾਂ ਜਾਂਦੇ ਹੋਏ ਵੇਖਦਾ ਹਾਂ ਇਸਦਾ ਮਤਲਬ ਹੈ ਕਿ ਇਹ ਹੋ ਗਿਆ । ਹਾਂ । ਇਹੀ ਹੈ । ਇਹ ਉਸ ਤੇ ਪਿਆ ਹੈ । ਇਹ ਉਥੇ ਸੀ, ਠੀਕ ਉਸਦੇ ਆਲੇ ਦੁਆਲੇ ਘੁੰਮ ਰਿਹਾ ਸੀ...[ਟੇਪ ਉੱਤੇ ਖਾਲੀ ਥਾਂ—ਸੰਪਾਦਕ]...ਇਹ ਇਸ ਨੂੰ ਕਰ ਦਿੰਦਾ ਹੈ । ਸਮਝੇ? ਜੱਦ ਉਹ ਵਿਸ਼ਵਾਸ ਨੂੰ ਵੇਖ ਸਕਦਾ ਹੈ! ਸਮਝੇ, "ਉਨ੍ਹਾਂ ਦੀ ਬੇਪਰਤੀਤੀ ਕਾਰਨ ਉਹ ਉੱਤੇ ਜਿਆਦਾ ਕੰਮ ਨਾ ਕਰ ਸਕਿਆ" ।

186 ਇਥੇ ਇੱਕ ਔਰਤ ਬੈਠੀ ਹੋਈ ਪ੍ਰਾਰਥਨਾ ਕਰ ਰਹੀ ਹੈ, ਠੀਕ ਇਸ ਜਗ੍ਹਾ ਤੇ । ਉਹ ਡਰੀ ਹੋਈ ਹੈ । ਉਸ ਨੂੰ ਡਰਨਾ ਚਾਹੀਦਾ ਹੈ । ਉਸ ਦੇ ਕੈਂਸਰ ਦੀ ਹਾਲਤ ਬਹੁਤ ਖਰਾਬ ਹੈ । ਮੈਂ ਤੈਨੂੰ ਨਹੀਂ ਜਾਣਦਾ ਪਰ ਪਰਮੇਸ਼ੁਰ ਤੈਨੂੰ ਜਾਣਦਾ ਹੈ । ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਮੈਨੂੰ ਕੈਂਸਰ ਜਾਂ ਜੋ ਕੁਝ ਵੀ ਹੈ ਉਸ ਬਾਰੇ ਦੱਸ ਸਕਦਾ ਹੈ? ਮੇਰੇ ਵਲ੍ਹ ਵੇਖੋ । ਇਥੇ ਬਹੁਤ ਸਾਰੇ ਪ੍ਰਾਰਥਨਾ ਕਰ ਰਹੇ ਹਨ, ਤੁਸੀਂ ਵੇਖੋ, ਜਿਸ ਦੇ ਲਈ ਮੈਂ ਕਹਿ ਰਿਹਾ ਹਾਂ । ਸਾਡੀ ਵਲ੍ਹ ਵੇਖ । ਹੁਣ, ਹਾਂ, ਤੁਸੀਂ ਇਥੋਂ ਦੇ ਨਹੀਂ ਹੋ, ਇਹ ਤੁਹਾਡਾ ਘਰ ਨਹੀਂ ਹੈ । ਤੁਸੀਂ ਇੱਕ ਜਗ੍ਹਾ ਤੋਂ ਹੋ ਜਿਸ ਨੂੰ ਪੋਰਟਰਵਿਲੇ, ਕੈਲੀਫ਼ੋਰਨੀਆ ਕਿਹਾ ਜਾਂਦਾ ਹੈ । ਇਹ ਠੀਕ ਹੈ । ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਮੈਨੂੰ ਦੱਸ ਸਕਦਾ ਹੈ ਕਿ ਤੂੰ ਕੌਣ ਹੈਂ? ਉਹ ਜਾਣਦਾ ਹੈ । ਤੁਹਾਡਾ ਨਾਮ ਸ਼੍ਰੀਮਤੀ ਵਿੰਥਮ ਹੈ । ਇਹ ਠੀਕ ਹੈ । ਹੁਣ ਵਿਸ਼ਵਾਸ ਕਰੋ, ਅਤੇ ਕੈਂਸਰ ਤੁਹਾਨੂੰ ਛੱਡ ਕੇ ਚਲਾ ਜਾਵੇਗਾ । ਜੇ ਤੂੰ ਵਿਸ਼ਵਾਸ ਕਰ ਸਕਦੀ ਹੈਂ! ਇਹੀ ਸਭ ਹੈ ਜੋ ਪਰਮੇਸ਼ੁਰ ਤੈਨੂੰ ਕਰਨ ਲਈ ਕਹਿੰਦਾ ਹੈ । ਜੇ ਤੂੰ ਵਿਸ਼ਵਾਸ ਕਰ ਸਕਦੀ ਹੈਂ!

187 ਕੀ ਤੁਸੀਂ ਇਸ ਤੇ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਨਹੀਂ ਕਰਦੇ? ਕੋਈ *ਇਥੇ* ਇਸ ਪਾਸੇ, ਕੀ ਤੁਸੀਂ ਵਿਸ਼ਵਾਸ ਨਹੀਂ ਕਰ ਸਕਦੇ? ਗੁਰੂ ਆ ਗਿਆ ਹੈ ਅਤੇ ਤੁਹਾਨੂੰ ਬੁਲਾਇਆ ਹੈ । ਉਹ ਤੁਹਾਨੂੰ ਮੌਤ ਤੋਂ ਜੀਵਨ ਵਿੱਚ ਬੁਲਾ ਰਿਹਾ ਹੈ, ਬਿਮਾਰੀ ਤੋਂ ਤੰਦਰੁਸਤੀ ਵਿੱਚ ।

188 ਇਥੇ ਇੱਕ ਮਨੁੱਖ ਹੈ ਜੋ ਪਿੱਛੇ ਬੈਠਾ ਹੋਇਆ ਹੈ, ਸਿਰ ਝੁਕਾ ਕੇ ਪ੍ਰਾਰਥਨਾ ਕਰ ਰਿਹਾ ਹੈ । ਉਹ ਅਸਲ ਵਿੱਚ ਆਪਣੇ ਲਈ ਪ੍ਰਾਰਥਨਾ ਨਹੀਂ ਕਰ ਰਿਹਾ, ਉਹ ਕਿਸੇ ਹੋਰ ਲਈ ਪ੍ਰਾਰਥਨਾ ਕਰ ਰਿਹਾ ਹੈ । ਇਹ ਇੱਕ—ਇੱਕ ਲੜਕੀ ਹੈ । ਇਹ ਉਸਦੀ ਬੇਟੀ ਹੈ । ਕੀ ਤੁਸੀਂ ਵਿਸ਼ਵਾਸ ਕਰਦੇ ਹੋ, ਸ਼੍ਰੀਮਾਨ? ਤੁਹਾਡੀ ਲੱਤਾਂ ਵਿੱਚ ਤਕਲੀਫ਼ ਹੈ । ਤੁਹਾਡੇ ਗੋਡਿਆਂ ਵਿੱਚ ਤਕਲੀਫ਼ ਹੈ । ਇਹ ਠੀਕ ਹੈ । ਰੋਣ ਦੀ ਕੋਈ ਲੋੜ੍ਹ ਨਹੀਂ ਹੈ, ਉਹ ਉਥੇ ਤੁਹਾਡੇ ਨਾਲ ਹੈ । ਤੁਹਾਡੀ ਬੇਟੀ ਹਸਪਤਾਲ ਵਿੱਚ ਹੈ, ਕੀ ਉਹ ਨਹੀਂ ਹੈ? ਟੀਬੀ ਦਾ ਮਾਮਲਾ ਹੈ । ਤੁਸੀਂ ਵਿਸ਼ਵਾਸ ਕਰਦੇ ਹੋ । ਤੁਸੀਂ ਵਿਸ਼ਵਾਸ ਕਰਦੇ ਹੋ? ਗੁਰੂ ਆ ਗਿਆ ਹੈ ਅਤੇ ਉਸ ਨੂੰ ਬੁਲਾਉਂਦਾ ਹੈ । ਕੀ ਤੁਸੀਂ ਉਸਦੇ ਪਿਤਾ ਹੋਣ ਦੇ ਕਾਰਣ ਵਿਸ਼ਵਾਸ ਕਰੋਗੇ? ਤੁਸੀਂ ਕਰੋਗੇ? ਕਾਸ਼ ਉਹ ਅੱਜ ਰਾਤ ਉਸ ਕੋਲ ਜਾਵੇ ਅਤੇ ਤੁਹਾਡੇ ਕੋਲ ਜਾਵੇ । ਕਾਸ਼ ਇਹ ਖਤਮ ਹੋ ਜਾਵੇ ।

189 ਇਥੇ ਇੱਕ ਛੋਟਾ ਬਾਲਕ ਹੈ, ਛੋਟਾ ਭੂਰੇ ਮੂੰਹ ਵਾਲਾ ਲੜਕਾ । ਉਹ ਚਮੜੀ ਦੇ ਰੋਗ ਅਤੇ ਦਮੇਂ ਨਾਲ ਪੀੜਿਤ ਹੈ, ਇੱਕ ਛੋਟਾ ਮੈਕਸੀਕਨ ਲੜਕਾ, ਮੈਕਸੀਕਨ ਲੜਕਾ ਇਥੇ ਬੈਠਾ ਹੋਇਆ ਹੈ । ਉਹ ਇਥੋਂ ਦਾ ਨਹੀਂ ਹੈ । ਸੈਨ ਜੋਸ ਤੋਂ ਹੈ । ਪੁੱਤ੍ਰ, ਕੀ ਤੂੰ ਵਿਸ਼ਵਾਸ ਕਰਦਾ ਹੈਂ? ਇੱਕ ਹੋਰ ਗਲ, ਤੇਰਾ ਪਿਤਾ ਇਥੇ ਤੇਰੇ ਨਾਲ ਹੈ । ਉਹ ਇੱਕ ਸੇਵਕ ਹੈ । ਇਹ ਸਹੀ ਹੈ । ਕੀ ਤੂੰ ਵਿਸ਼ਵਾਸ ਕਰਦਾ ਹੈਂ ਕਿ ਪਰਮੇਸ਼ੁਰ ਮੈਨੂੰ ਦੱਸ ਸਕਦਾ ਹੈ ਕਿ ਤੇਰਾ ਕੀ ਨਾਮ ਹੈ? ਕੀ ਇਹ ਤੇਰੇ ਵਿਸਵਾਸ਼ ਨੂੰ ਸੱਚ ਮੁਚ ਮਜਬੂਤ ਬਣਾਵੇਗਾ? ਤੇਰਾ ਨਾਮ ਰਊਬੇਨ ਹੈ । ਹੁਣ ਵਿਸ਼ਵਾਸ ਕਰ । ਊਂ-ਹੂੰ । ਪਰਮੇਸ਼ੁਰ ਤੈਨੂੰ ਚੰਗਾ ਕਰ ਦਵੇਗਾ ।

190 ਗੁਰੂ ਆਇਆ ਹੈ ਅਤੇ ਤੁਹਾਨੂੰ ਬੁਲਾਉਂਦਾ ਹੈ । ਹੇ, ਪਾਪੀ, ਹੇ ਬੀਮਾਰ ਵਿਅਕਤੀ, ਕੀ ਤੂੰ ਗੁਰੂ ਨੂੰ ਮਨੁੱਖਾਂ ਵਿਚੋਂ, ਵਿਸ਼ਵਾਸੀਆਂ ਵਿਚਕਾਰ ਪ੍ਰਗਟ ਹੁੰਦਾ ਹੋਇਆ ਨਹੀਂ ਵੇਖਦਾ? ਉਹ ਆਪਣੇ ਵਿਸ਼ਵਾਸੀ ਬੱਚਿਆਂ ਨੂੰ ਤੰਦਰੁਸਤੀ ਵਿੱਚ ਬੁਲਾਉਣ ਆਇਆ ਹੈ । ਉਹ ਪਾਪੀਆਂ ਨੂੰ ਤੋਬਾ ਕਰਨ ਲਈ ਬੁਲਾਉਣ ਆਇਆ ਹੈ । ਪਿਛਾਂਹ ਹੱਟੇ ਹੋਏ, ਕਲੀਸਿਯਾ ਦੇ ਮੈਂਬਰ, ਗੁਰੂ ਆਇਆ ਹੈ ਅਤੇ ਤੈਨੂੰ ਬੁਲਾਉਂਦਾ ਹੈ ।

191 ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਹੁਣ ਆਪਣੀ ਲੋੜ੍ਹ ਨੂੰ ਇਸ ਤੇ ਵਿਸ਼ਵਾਸ ਕਰਦੇ ਹੋ? ਜੇ ਤੁਸੀਂ ਕਰਦੇ ਹੋ ਤਾਂ ਆਪਣਾ ਹੱਥ ਉੱਪਰ ਚੁੱਕੋ, ਕਹੋ, “ਮੈਂ ਆਪਣੀ ਲੋੜ੍ਹ ਲਈ ਵਿਸ਼ਵਾਸ ਕਰਦਾ ਹਾਂ” । ਫਿਰ ਆਪਣੇ ਪੈਰਾਂ ਤੇ ਖਲੋ ਜਾਓ ਅਤੇ ਇਸ ਨੂੰ ਸਵੀਕਾਰ ਕਰੋ । ਗੁਰੂ ਆਇਆ ਹੈ ਅਤੇ ਤੁਹਾਡੇ ਲਈ ਬੁਲਾਉਂਦਾ ਹੈ । ਅਤੇ ਤੁਸੀਂ ਜੋ ਕੋਈ ਵੀ ਹੋ, ਤੁਹਾਨੂੰ ਜਿਸ ਚੀਜ ਦੀ ਵੀ ਲੋੜ੍ਹ ਹੈ, ਗੁਰੂ ਆਇਆ ਹੈ ਅਤੇ ਉਹ ਤੁਹਾਨੂੰ ਬੁਲਾਉਂਦਾ ਹੈ । ਉਹ ਕਲ੍ਹ, ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ ।

192 ਉਹ ਛੋਟੀ ਔਰਤ ਸ਼ਹਿਰ ਵਿੱਚ ਚਲੀ ਗਈ ਅਤੇ ਕਿਹਾ, “ਆਓ, ਇੱਕ ਮਨੁੱਖ ਨੂੰ ਵੇਖੋ ਜਿਸ ਨੇ ਮੈਨੂੰ ਦੱਸਿਆ ਕਿ ਕੀ ਗਲਤ ਸੀ” । ਤੁਸੀਂ ਸ਼ਹਿਰ ਵਿੱਚ ਨਹੀਂ ਗਏ । ਤੁਸੀਂ ਆਏ ਅਤੇ ਇਸ ਨੂੰ ਆਪ ਹੀ ਵੇਖ ਲਿਆ, ਇਸ ਲਈ ਗੁਰੂ ਆਇਆ ਹੈ ਅਤੇ ਤੁਹਾਨੂੰ ਬੁਲਾਉਂਦਾ ਹੈ ।

193 ਆਪਣੇ ਹੱਥਾਂ ਨੂੰ ਉੱਪਰ ਚੁੱਕੋ ਅਤੇ ਉਸਦੀ ਉਪਾਸਨਾ ਕਰੋ, ਅਤੇ ਕਹੋ, “ਪ੍ਰਭੁ ਯਿਸੂ, ਮੈਂ ਇੱਕ ਪਾਪੀ ਹਾਂ; ਮੈਨੂੰ ਮਾਫ਼ ਕਰ ਦਿਓ । ਮੈਂ ਇੱਕ ਪਿਛਾਂਹ ਹੱਟਿਆ ਹੋਇਆ ਹਾਂ, ਮੈਨੂੰ ਵਾਪਸ ਲੈ ਲਵੋ, ਪ੍ਰਭੁ । ਮੈਨੂੰ ਪਵਿੱਤਰ ਆਤਮਾ ਦੀ ਲੋੜ੍ਹ ਹੈ; ਮੈਨੂੰ ਭਰ ਦਿਓ । ਮੈਂ ਬਿਮਾਰ ਹਾਂ; ਮੈਨੂੰ ਚੰਗਾ ਕਰ ਦਿਓ । ਮੈਂ ਅਪਾਹਜ ਹਾਂ; ਮੈਨੂੰ ਚੰਗਾ ਬਣਾ ਦਿਓ” । ਗੁਰੂ ਆਇਆ ਹੈ ਅਤੇ ਤੁਹਾਡੇ ਲਈ ਬੁਲਾਉਂਦਾ ਹੈ । ਆਪਣੇ ਹੱਥਾਂ ਨੂੰ ਹੁਣ ਉਪਰ ਚੁੱਕੋ ਅਤੇ ਉਸ ਨੂੰ ਪ੍ਰਸ਼ੰਸਾ ਦਿਓ । ਆਮੀਨ ।

194 (ਸਾਨੂੰ ਇੱਕ ਥੋੜੀ ਜਿਹੀ ਧੁੰਨ ਦਿਓ, “ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ, ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ” । ਤੁਸੀਂ ਜਾਣਦੇ ਹੋ? *ਮੈਂ ਉਸਦੀ ਪ੍ਰਸ਼ੰਸਾ ਕਰਾਂਗਾ* । ਕੀ ਤੁਸੀਂ ਇਹ ਜਾਣਦੇ ਹੋ, ਤੁਸੀਂ ਨਹੀਂ ਜਾਣਦੇ?)

ਕੀ ਤੁਸੀਂ ਵਿਸ਼ਵਾਸ ਕਰਦੇ ਹੋ?

ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ, ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ,
ਔਹ, ਲੇਲੇ ਦੀ ਪ੍ਰਸ਼ੰਸਾ ਜਿਹੜਾ ਪਾਪੀਆਂ ਲਈ ਕੱਟਿਆ ਗਿਆ;
ਤੁਸੀਂ ਸਾਰੇ ਲੋਕ, ਉਸ ਨੂੰ ਮਹਿਮਾ ਦਿਓ,
ਕਿਓਂਕਿ ਉਸਦੇ ਲਹੂ ਨੇ ਹਰੇਕ ਦਾਗ ਨੂੰ ਧੋ ਦਿੱਤਾ ਹੈ ।

195 ਕੀ ਤੁਸੀਂ ਉਸ ਨੂੰ ਪ੍ਰੇਮ ਕਰਦੇ ਹੋ? ਹੁਣ ਉਹ ਇਥੇ ਹੈ ਤਾਂ ਤੁਸੀਂ ਉਸ ਲਈ ਗਾਉਣਾ ਪਸੰਦ ਨਹੀਂ ਕਰੋਗੇ? ਉਹ ਇੱਕ ਆਤਮਾ ਹੈ ਜੋ ਇਸ ਇਮਾਰਤ ਵਿੱਚ ਮੰਡਰਾ ਰਹੀ ਹੈ । ਉਹ ਤੁਹਾਡੇ ਦਿਲਾਂ ਨੂੰ ਜਾਣਦਾ ਹੈ, ਤੁਹਾਡੇ ਬਾਰੇ ਸਭ ਕੁਝ ਜਾਣਦਾ ਹੈ । ਆਓ ਅਸੀਂ ਉਸਦੇ ਲਈ ਗਾਈਏ, ਆਪਣੇ ਪੂਰੇ ਦਿਲ ਨਾਲ ।

ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ, (ਜਦੋਂ ਤੁਸੀਂ ਇਹ ਕਰੋ ਤਾਂ ਆਪਣੇ
ਹੱਥਾਂ ਨੂੰ ਉੱਪਰ ਚੁੱਕੋ), ਮੈਂ...(ਹੁਣ ਸਿਰਫ ਉਸਦੀ ਪ੍ਰਸ਼ੰਸਾ
ਕਰੋ)...ਉਸਦੀ ਪ੍ਰਸ਼ੰਸਾ ਕਰੋ,
ਔਹ, ਲੇਲੇ ਦੀ ਪ੍ਰਸ਼ੰਸਾ ਜਿਹੜਾ ਪਾਪੀਆਂ ਲਈ ਕੱਟਿਆ ਗਿਆ;
ਔਹ, ਉਸ ਨੂੰ ਮਹਿਮਾ ਦਿਓ, ਤੁਸੀਂ ਸਾਰੇ ਲੋਕ,
ਕਿਉਂਕਿ ਉਸਦੇ ਲਹੂ ਨੇ ਹਰੇਕ ਦਾਗ ਨੂੰ ਧੋ ਦਿੱਤਾ ਹੈ ।

196 ਔਹ, ਔਰਤ, ਤੁਸੀਂ ਜਿਹੜੇ ਵ੍ਹੀਲਚੇਅਰ ਤੇ ਹੋ, ਜੇ ਤੁਸੀਂ ਬੱਸ ਥੋੜਾ ਜਿਹਾ ਹੋਰ ਵਿਸ਼ਵਾਸ ਕਰੋ । "ਮੈਂ..." ਆਓ ਅਸੀਂ ਇੱਕ ਵਾਰ ਹੋਰ ਕੋਸ਼ਿਸ ਕਰੀਏ । ਮੈਂ ਕਿਸੇ ਚੀਜ ਲਈ ਉਡੀਕ ਰਿਹਾ ਹਾਂ ।

ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ, ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ,
ਔਹ, ਲੇਲੇ ਦੀ ਪ੍ਰਸ਼ੰਸਾ ਜਿਹੜਾ ਪਾਪੀਆਂ ਲਈ ਕੱਟਿਆ ਗਿਆ;
ਉਸ ਨੂੰ ਮਹਿਮਾ ਦਿਓ, ਤੁਸੀਂ ਸਾਰੇ ਲੋਕ,
ਕਿਉਂਕਿ ਉਸਦੇ ਲਹੂ ਨੇ ਹਰੇਕ ਦਾਗ ਨੂੰ ਧੋ ਦਿੱਤਾ ਹੈ ।

197 ਹੁਣ ਜੱਦ ਅਸੀਂ ਇਹ ਦੁਬਾਰਾ ਗਾਉਂਦੇ ਹਾਂ, ਆਲੇ ਦੁਆਲੇ ਜਾਓ, ਕਿਸੇ ਦੇ ਹੱਥ ਨੂੰ ਫੜ੍ਹ ਲਵੋ, ਜੱਦ ਅਸੀਂ ਇਹ ਗਾ ਰਹੇ ਹਾਂ, "ਮੈਂ ਉਸਦੀ ਪ੍ਰਸ਼ੰਸ਼ਾ ਕਰਾਂਗਾ" । ਆਓ ਹੁਣ ਸਾਰੇ ਇੱਕਠੇ ਗਾਓ ।

ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ, ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ,
ਔਹ, ਲੇਲੇ ਦੀ ਪ੍ਰਸ਼ੰਸਾ ਜਿਹੜਾ ਪਾਪੀਆਂ ਲਈ ਕੱਟਿਆ ਗਿਆ;
ਉਸ ਨੂੰ ਮਹਿਮਾ ਦਿਓ, ਤੁਸੀਂ ਸਾਰੇ ਲੋਕ,
ਕਿਉਂਕਿ ਉਸਦੇ ਲਹੂ ਨੇ ਹਰੇਕ ਦਾਗ ਨੂੰ ਧੋ ਦਿੱਤਾ ਹੈ ।

198 ਹੇ, ਪਾਪੀ ਮਿੱਤ੍ਰ, ਕੀ ਤੂੰ ਚੱਲ ਕੇ ਇਥੇ ਨਹੀਂ ਆਵੇਂਗਾ? ਤੁਸੀਂ ਸਾਰੇ ਲੋਕ ਆਓ ਅਤੇ ਉਸ ਦੀ ਪ੍ਰਸ਼ੰਸ਼ਾ ਕਰੋ । ਸਾਰੇ ਲੋਕ ਜੋ ਉਸ ਨੂੰ ਆਪਣਾ ਮੁਕਤੀਦਾਤਾ ਕਬੂਲ ਕਰਨਾ ਚਾਹੁੰਦੇ ਹਨ । ਜੱਦ ਉਸ ਦੀ ਹਜੂਰੀ ਵਿਚ ਸੰਤ ਆਤਮਾ ਵਿੱਚ ਅਰਾਧਣਾ ਕਰ ਰਹੇ ਹਨ, ਕੀ ਤੁਸੀਂ ਇਥੇ ਆ ਕੇ ਖੜੇ ਨਹੀਂ ਹੋਵੋਗੇ? ਆਖੋ, "ਅੱਜ ਰਾਤ ਮੈਂ ਗਵਾਹੀ ਦੇਣਾ ਚਾਹੁੰਦਾ ਹਾਂ । ਮੈਂ ਉਸ ਦੀ ਪ੍ਰਸ਼ੰਸ਼ਾ ਕਰਨੀ ਚਾਹੁੰਦਾ ਹਾਂ । ਮੈਂ ਆਉਣਾ ਚਾਹੁੰਦਾ ਹਾਂ । ਮੈਂ ਉਸ ਤੋਂ ਸ਼ਰਮਾਉਂਦਾ ਨਹੀਂ ਹਾਂ । ਮੈਂ ਚਾਹੁੰਦਾ ਹਾਂ ਕਿ ਸੰਸਾਰ ਜਾਣ ਲਵੇ ਕਿ ਮੈਂ ਉਸ ਨੂੰ ਆਪਣਾ ਮੁਕਤੀਦਾਤਾ ਕਬੂਲ ਕੀਤਾ ਹੈ, ਠੀਕ ਇਸ ਜਗ੍ਹਾ ਤੇ ਜੱਦ ਉਹ ਇਥੇ ਮੌਜੂਦ ਹੈ" । ਆਓ ਜੱਦ ਅਸੀਂ ਇਸ ਨੂੰ ਗਾਉਂਦੇ ਹਾਂ ।

ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ,(ਕੀ ਤੁਸੀਂ ਨਹੀਂ ਆਓਗੇ?) ਮੈਂ ਉਸ
ਦੀ ਪ੍ਰਸ਼ੰਸਾ ਕਰਾਂਗਾ,
ਔਹ, ਲੇਲੇ ਦੀ ਪ੍ਰਸ਼ੰਸਾ ਜਿਹੜਾ ਪਾਪੀਆਂ ਲਈ ਕੱਟਿਆ ਗਿਆ;
ਤੁਸੀਂ ਸਾਰੇ ਲੋਕ, ਉਸ ਨੂੰ ਮਹਿਮਾ ਦਿਓ,
ਕਿਉਂਕਿ ਉਸਦੇ ਲਹੂ ਨੇ ਹਰੇਕ ਦਾਗ ਨੂੰ ਧੋ ਦਿੱਤਾ ਹੈ ।

199 ਔਹ, ਇਹੀ ਹੈ, ਔਰਤ, ਆ ਜਾਓ । ਮਸੀਹ ਦੀ ਹਜੂਰੀ ਵਿੱਚ ਹੋਰ ਕੌਣ ਆਵੇਗਾ? ਭੈਣ, ਇਥੇ ਉਪਰ ਆ ਜਾਓ, ਇਥੇ ਖੜੇ ਹੋ ਜਾਓ ।

200 ਕੁਝ ਹੋਰ ਲੋਕ ਜਿਹੜੇ ਹੁਣੇ ਹੀ ਉਸ ਨੂੰ ਆਪਣਾ ਮੁਕਤੀਦਾਤਾ ਬਣਾਉਣਾ ਚਾਹੁੰਦੇ ਹਨ, ਜੋ ਸ਼ਰਮਿੰਦਾ ਨਹੀਂ ਹਨ। ਉਸਨੇ ਕਿਹਾ, "ਜੇਕਰ ਤੁਸੀਂ ਮਨੁੱਖਾਂ ਦੇ ਸਾਹਮਣੇ ਮੇਰੇ ਤੋਂ ਸ਼ਰਮਾਉਗੇ, ਤਾਂ ਮੈਂ ਵੀ ਆਪਣੇ ਪਿਤਾ ਅਤੇ ਪਵਿੱਤ੍ਰ ਦੂਤਾਂ ਦੇ ਸਾਹਮਣੇ ਤੁਹਾਥੋਂ ਸ਼ਰਮਵਾਂਗਾ"। ਜੇਕਰ ਤੁਸੀਂ ਹੁਣ ਉਸ ਤੋਂ ਸ਼ਰਮਾਉਂਦੇ ਨਹੀਂ ਹੋ ਅਤੇ ਤੁਸੀਂ ਉਸ ਨੂੰ ਆਪਣਾ ਮੁਕਤੀਦਾਤਾ ਚਾਹੁੰਦੇ ਹੋ, ਜੱਦ ਉਹ ਇਥੇ ਹੈ! ਤੁਸੀਂ ਉਸ ਨੂੰ ਵੇਖਿਆ ਹੈ। ਇਹ ਇੰਨਾ ਸਿੱਧ ਹੈ, ਵਚਨ ਨੇ ਆਪ ਹੀ ਆਪਣੀ ਪਛਾਣ ਕਰਾਈ ਹੈ। ਉੱਪਰ ਆ ਜਾਓ ਜੱਦ ਸੰਤ ਅਰਾਧਣਾ ਕਰ ਰਹੇ ਹਨ। ਕੀ ਤੁਸੀਂ ਊਪਰ ਨਹੀਂ ਆਓਗੇ?

201 ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਸ਼੍ਰੀਮਾਨ। ਇਥੇ ਇੱਕ ਬਿਰਧ ਔਰਤ ਆ ਰਹੀ ਹੈ, ਇੱਕ ਅਸਲੀ ਉਮਰ ਕੋਲ ਆ ਰਹੀ ਹੈ। ਕੀ ਹੁਣ ਤੁਸੀਂ ਨਹੀਂ ਆਓਗੇ?

ਮੈਂ ਕਰਾਂਗਾ...(ਹੁਣ ਇਹ ਗਾਓ)...ਮੈਂ ਪ੍ਰਸ਼ੰਸਾ ਕਰਾਂਗਾ...

202 ਇਹ ਸਹੀ ਹੈ, ਜਵਾਨ ਲੋਕੋ, ਠੀਕ ਆਲੇ ਦੁਆਲੇ ਆ ਜਾਓ। ਬੱਸ ਪ੍ਰਸ਼ੰਸਾ ਕਰੋ। ਪਰਮੇਸੁਰ ਤੈਨੂੰ ਬਰਕਤ ਦਵੇ, ਔਰਤ, ਇਹ ਕਰਨ ਦਾ ਇਹੀ ਤਰੀਕਾ ਹੈ। ਜਵਾਨ ਲੋਕੋ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ।

...ਪਾਪੀਆਂ ਲਈ ਕੱਟਿਆ ਗਿਆ;
ਤੁਸੀਂ ਸਾਰੇ ਲੋਕ, ਉਸ ਨੂੰ ਮਹਿਮਾ ਦਿਓ,
ਕਿਓਂਕਿ ਉਸਦੇ ਲਹੂ ਨੇ ਹਰੇਕ ਦਾਗ ਨੂੰ ਧੋ ਦਿੱਤਾ ਹੈ।

203 ਜੱਦ ਸੇਵਕ ਇਨ੍ਹਾਂ ਲੋਕਾਂ ਕੋਲ ਜਾ ਰਹੇ ਹਨ ਕੀ ਕੋਈ ਹੋਰ ਨਹੀਂ ਆਵੇਗਾ? ਪਿਛਾਂਹ ਹੱਟੇ ਹੋਏ, ਕੀ ਤੁਸੀਂ ਆਓਗੇ, ਆਖੋਗੇ, "ਮੈਂ ਆਪਣੀ ਜਿੰਦਗੀ ਤੋਂ ਸ਼ਰਮਿੰਦਾ ਹਾਂ"? ਇਥੇ ਉਹ ਹੈ। ਕੀ ਤੁਸੀਂ ਮੇਰਾ ਪਰਮੇਸ਼ੁਰ ਦਾ ਦਾਸ ਹੋਣ ਦਾ ਵਿਸ਼ਵਾਸ ਕਰਦੇ ਹੋ? ਆਪਣੇ ਹੱਥ ਉੱਪਰ ਕਰੋ। ਕਿਓਂ, ਯਿਸੂ ਮਸੀਹ ਸਾਡੇ ਵਿਚਕਾਰ ਹੈ। ਕੀ ਤੁਸੀਂ ਨਹੀਂ ਆਓਗੇ?

ਉਸ ਨੂੰ ਮਹਿਮਾ ਦਿਓ...(ਕੀ ਤੁਸੀਂ ਨਹੀਂ ਆਓਗੇ, ਉਸ ਨੂੰ ਮਹਿਮਾ ਦਿਓ?)...ਲੋਕੋ,
ਕਿਓਂਕਿ ਉਸਦੇ ਲਹੂ ਨੇ ਧੋ ਦਿੱਤਾ ਹੈ...

204 ਮਾਰਥਾ, ਕੀ ਤੂੰ ਆ ਰਹੀ ਹੈਂ ਜਾਂ ਕੀ ਤੂੰ ਮਰਿਯਮ ਨਾਲ ਘਰ ਵਿੱਚ ਬੈਠੀ ਰਹੇਂਗੀ? ਕੀ ਤੂੰ ਕਿਸੇ ਸੰਸਥਾ ਨਾਲ ਪਿਛਾਂਹ ਰੁੱਕੀ ਰਹੇਂਗੀ ਅਤੇ ਕਹੇਂਗੀ, "ਔਹ, ਮੇਰੀ ਕਲੀਸਿਯਾ ਇਸ ਤਰਾਂ ਵਿਸ਼ਵਾਸ ਨਹੀਂ ਕਰਦੀ," ਜੱਦ ਮਸੀਹ ਪ੍ਰਗਟ ਕੀਤਾ ਗਿਆ ਹੈ? ਕੀ ਤੁਸੀਂ ਪਿਛਾਂਹ ਬੈਠੇ ਰਹੋਗੇ ਅਤੇ ਇਹ ਕਹੋਗੇ ਜਾਂ ਤੁਸੀਂ ਬਾਹਰ ਆ ਰਹੇ ਹੋ? "ਅੱਛਾ, ਮੈਂ ਤੁਹਾਨੂੰ ਦੱਸਾਂਗਾ, ਜੱਦ ਮੈਂ..." ਨਹੀਂ। ਅੱਜ, ਇਹ ਘੜੀ ਹੈ। ਮੌਤ ਤੁਹਾਡੇ ਉੱਤੇ ਮੰਡਰਾ ਰਹੀ ਹੈ ਜਿਵੇਂ ਜੈਰੂਸ ਦੀ ਧੀ ਉੱਤੇ ਸੀ।

205 ਹੁਣ ਆਓ! ਪਿਛਾਂਹ ਹੱਟੇ ਹੋਏ, ਹੁਣ ਆਓ। ਪਾਪੀ, ਹੁਣ ਆਓ। ਇਹੀ ਸਮਾਂ ਹੈ। ਗੁਰੂ ਆਇਆ ਹੈ ਅਤੇ ਤੁਹਾਨੂੰ ਬੁਲਾਉਂਦਾ ਹੈ। ਉਹ ਤੁਹਾਨੂੰ ਬੁਲਾ ਰਿਹਾ ਹੈ। ਤੁਸੀਂ ਕਹੋਗੇ, "ਮੈਂ ਕਿਵੇਂ ਜਾਣਾਗਾ?" ਉਹ ਮੇਰੀ ਆਵਾਜ਼ ਦਾ ਇਸਤੇਮਾਲ ਕਰ ਰਿਹਾ ਹੈ। ਜੇ ਉਹ ਮੇਰੀ ਆਵਾਜ਼ ਨੂੰ ਬਿਮਾਰੀ, ਦੁੱਖ ਤਕਲੀਫਾਂ ਅਤੇ ਇਸ ਤਰਾਂ ਦੀਆਂ ਚੀਜਾਂ ਦੱਸਣ ਲਈ ਕਰ ਸਕਦਾ ਹੈ ਤਾਂ ਫਿਰ ਕੀ ਤੁਸੀਂ ਨਹੀਂ ਜਾਣਦੇ ਕਿ ਉਹ ਪਾਪੀ ਲਈ ਵੀ ਬੁਲਾ ਰਿਹਾ ਹੈ? ਬਾਹਰ ਆਓ! ਹੁਣ ਆਓ, ਹੋ ਸਕਦਾ ਹੈ ਕਿ ਇਹ ਤੁਹਾਡੇ ਲਈ ਆਖਰੀ ਮੌਕਾ ਹੋਵੇ।

206 ਇੱਕ ਵਾਰ ਫੇਰ, ਮਿੱਤਰੋ, ਇੱਕ ਹੋਰ ਹੈ ਜਿਸ ਨੂੰ ਇਥੇ ਆਉਣਾ ਚਾਹੀਦਾ ਹੈ । ਮੈਂ ਇਸ ਤਰਾਂ ਤੁਹਾਨੂੰ ਬਾਹਰ ਬੁਲਾ ਕੇ ਤੁਹਾਨੂੰ ਸ਼ਰਮਿੰਦਾ ਨਹੀਂ ਕਰਨਾ ਚਾਹੁੰਦਾ । ਇਹ ਠੀਕ ਨਹੀਂ ਹੈ । ਜੇ ਤੁਸੀਂ ਕਈ ਵਾਰ ਸ਼ਾਇਦ...ਉਹ ਫਰੀਸੀ ਸੋਚਦੇ ਸਨ ਕਿ ਉਹ ਬਚਾਏ ਹੋਏ ਸਨ ਪਰ ਉਹ ਨਹੀਂ ਸਨ । ਤੁਸੀਂ ਉਹੀ ਚੀਜ ਸੋਚ ਰਹੇ ਹੋ । ਹੁਣ ਆਓ ।

207 ਪੱਕੀ ਤਰਾਂ ਜਾਣ ਲਓ । ਇਸ ਦੇ ਲਈ ਥੋੜਾ ਜਿਹਾ ਵੀ ਜੋਖਮ ਨਾ ਉਠਾਓ । ਜੇ ਤੁਹਾਡੇ ਮੰਨ ਵਿੱਚ ਥੋੜਾ ਜਿਹਾ ਵੀ ਸ਼ੱਕ ਹੈ ਤਾਂ ਕੋਈ ਜੋਖਿਮ ਨਾ ਉਠਾਓ । ਹੁਣ ਆਓ । ਹੁਣ ਸਮਾਂ ਹੈ, ਹੁਣ ਜੱਦ ਚਸ਼ਮਾ ਖੁਲਾ ਹੋਇਆ ਹੈ, ਜੱਦ ਪਵਿੱਤਰ ਆਤਮਾ ਇਥੇ ਹੈ । ਗੁਰੂ ਆਇਆ ਹੈ । ਉਹ ਥੋੜ੍ਹਾ ਜਿਹਾ ਸ਼ੱਕ, ਉਹੀ ਹੈ ਜੋ ਉਹ ਤੁਹਾਨੂੰ ਦੱਸਣ ਦੀ ਕੌਸ਼ਿਸ ਕਰ ਰਿਹਾ ਹੈ, "ਤੁਸੀਂ ਸ਼ੱਕ ਕਰ ਰਹੇ ਹੋ" । ਇਸ ਨੂੰ ਛੱਡ ਦਿਓ । ਹੁਣ ਆਓ । ਗੁਰੂ ਆਇਆ ਹੈ ਅਤੇ ਤੁਹਾਨੂੰ ਬੁਲਾਉਂਦਾ ਹੈ । ਇਹ ਸਹੀ ਹੈ, ਬੱਸ ਆਉਂਦੇ ਰਹੋ, ਆਉਂਦੇ ਰਹੋ ।

> ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ, ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ,(ਕੀ ਤੁਸੀਂ ਆ ਕੇ ਉਸਦੀ ਪ੍ਰਸ਼ੰਸਾ ਨਹੀਂ ਕਰੋਗੇ?)
> ਔਹ, ਲੇਲੇ ਦੀ ਪ੍ਰਸ਼ੰਸਾ ਜਿਹੜਾ ਪਾਪੀਆਂ ਲਈ ਕੱਟਿਆ ਗਿਆ;
> ਤੁਸੀਂ ਸਾਰੇ ਲੋਕ, ਉਸ ਨੂੰ ਮਹਿਮਾ ਦਿਓ,
> ਕਿਓਂਕਿ ਉਸਦੇ ਲਹੂ ਨੇ ਹਰੇਕ ਦਾਗ ਨੂੰ ਧੋ ਦਿੱਤਾ ਹੈ ।

208 ਹੁਣ ਜੱਦ ਲੋਕ ਆ ਰਹੇ ਹਨ, ਉਸ ਦਾ ਦਾਵਾ ਕਰਨ ਲਈ; ਲੋਕਾਂ ਨੂੰ ਉਸ ਨੂੰ ਉਸਤਤ ਦੇਣ ਦਿਓ, ਹੁਣ ਜੱਦ ਅਸੀਂ ਇਹ ਗਾ ਰਹੇ ਹਾਂ । ਆਪਣੇ ਹੱਥ ਉੱਪਰ ਚੁੱਕ ਕੇ ਉਸ ਦੀ ਪ੍ਰਸ਼ੰਸਾ ਦੇ ਲਈ ਹੁਣ, ਸਾਰੇ ਇੱਕਠੇ ਗਾਵਾਂਗੇ ।

> ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ, ਮੈਂ ਉਸ ਦੀ ਪ੍ਰਸ਼ੰਸਾ ਕਰਾਂਗਾ,
> ਔਹ, ਲੇਲੇ ਦੀ ਪ੍ਰਸ਼ੰਸਾ ਜਿਹੜਾ ਪਾਪੀਆਂ ਲਈ ਕੱਟਿਆ ਗਿਆ!

209 ਸਿਰਫ ਉਸ ਦੀ ਪ੍ਰਸ਼ੰਸਾ ਕਰੋ! ਤੁਸੀਂ ਲੋਕ ਜੋ ਇਥੇ ਆਲੇ ਦੁਆਲੇ ਹੋ, ਪ੍ਰਾਰਥਨਾ ਕਰੋ, ਉਸ ਨੂੰ ਕਹੋ ਕਿ ਤੁਹਾਨੂੰ ਮਾਫ਼ ਕਰੇ । ਇਹੀ ਹੈ ਉਹ ਜੋ ਕਰੇਗਾ । ਗੁਰੂ ਆਇਆ ਹੈ ਅਤੇ ਤੁਹਾਨੂੰ ਬੁਲਾਉਂਦਾ ਹੈ । ਪਰਮੇਸ਼ੁਰ ਤੁਹਾਨੂੰ ਬਰਕਤ ਦਵੇ ।

*ਫਿਰ ਯਿਸੂ ਆਇਆ ਅਤੇ ਬੁਲਾਇਆ* PUN64-0213

(Then Jesus Came And Called)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਵੀਰਵਾਰ ਸ਼ਾਮ, 13 ਫਰਵਰੀ, 1964 ਨੂੰ ਇਲਿਅਟ ਆਡੀਟੋਰੀਅਮ, ਤੁਲਾਰੇ, ਕੈਲੀਫੋਰਨੀਆ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ ।

PUNJABI

©2018 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



Voice Of God Recordings
P.O. Box 950, Jeffersonville, Indiana 47131 U.S.A.
www.branham.org